
# ਸਿੱਖ ਧਰਮ ਦੀ ਮਰਿਆਦਾ ਬਾਰੇ ਵਿਚਾਰ




ਗੁਰਪੁਰਵਾਸੀ ਗਿਆਨੀ ਕ੍ਰਿਪਾਲ ਸਿੰਘ ਵੜਾਇਚ

"ਕ੍ਰਿਪਾਨ ਇਸ਼ਟ" ਦਾ ਇਤਿਹਾਸ ਬਹੁਤ ਪੁਰਾਣਾ ਹੈ, ਜੋ ਨਿਰੰਕਾਰ ਸ੍ਰਿਸ਼ਟੀ ਸਾਜ ਕੇ ਦੇਵਤੇ ਤੇ ਦੈਂਤ ਸਾਜ, ਇਹਨਾਂ ਵਿਚ ਵਾਦ-ਵਿਵਾਦ ਪਾ ਕੇ ਤਮਾਸ਼ਾ ਵੇਖਦਾ ਹੈ, ਇਹ ਸਤਿਜੁਗ ਤੋਂ ਹੀ ਰੀਤ ਚਲੀ ਆਉਂਦੀ ਹੈ :

ਰਾਜ-ਜੋਗ : 'ਰਾਜ ਤੇ ਜੋਗ' ਜੋ ਸ੍ਰੀ ਗੁਰੂ ਨਾਨਕ ਦੇਵ ਤੋਂ ਹੀ ਇਕੱਠਾ ਕਰਕੇ ਜੀਵ ਨੂੰ ਖੱਤਰੀ-ਬ੍ਰਾਹਮਣ-ਸੂਦ-ਵੈਸ਼-ਚਹੁ ਵਰਨਾ ਨੂੰ ਇਕੱਠਾ ਕਰਕੇ, ਉਪਦੇਸ਼ ਕੀਤਾ ਅਤੇ ਚਹੁ ਵਰਨਾ ਦੇ ਕਰਮ ਖਾਲਸੇ ਵਿਚ ਪਰਦਾਨ ਕੀਤੇ। ਕਲਿਜੁਗ ਵਿਚ ਕਿਸੇ ਵਰਨ ਨੂੰ ਦੂਜੇ ਵਰਨ ਦੀ ਮੁਹਤਾਜੀ ਨਹੀਂ ਹੋਣ ਦਿੱਤੀ।

ਭੱਟਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਵਿਚ ਰਾਜ-ਜੋਗ ਪਹਿਲੀ ਪਾਤਸ਼ਾਹੀ ਤੋਂ ਹੀ ਇਉਂ ਫ਼ਰਮਾਨੰ ਕੀਤਾ ਹੈ।

| | |
|---|---|
| ੧. ਸ੍ਰੀ ਗੁਰੂ ਨਾਨਕ ਦੇਵ ਜੀ | ਕਬਿ ਕਲ ' ਸੁਜਸ ਗਾਵਉ ਗੁਰ ਨਾਨਕ,<br>'ਰਾਜ-ਜੋਗ' ਜਿਨਿ ਮਾਣਿਓ ॥੨ ॥<br>(ਪੰਨਾ ੧੩੯੦) |
| ੨. ਸ੍ਰੀ ਗੁਰੂ ਅੰਗਦ ਦੇਵ ਜੀ<br>ਪਾ: ਦੂਜੀ | ਗੁਰੂ ਜਗਤ ਫਿਰਣ ਸੀਅ ਅੰਗਰਉ,<br>'ਰਾਜ-ਜੋਗ' ਲਹਣਾ ਕਰੈ ॥੫ ॥ |
| ੩. ਸ੍ਰੀ ਗੁਰੂ ਅਮਰ ਦਾਸ ਜੀ<br>ਪਾ: ਤੀਜੀ | ਗੁਰੂ ਨਾਨਕ-ਅੰਗਦ-ਅਮਰੁ ਭਗਤ ਹਰਿ ਸੰਗਿ ਸਮਾਣੇ<br>ਇਹ 'ਰਾਜ-ਜੋਗ' ਗੁਰ 'ਰਾਮ ਦਾਸ' ਤੁਮਹੂ ਰਸ ਜਾਣੈ ॥੧੨ ॥ |
| ੪. ਸ੍ਰੀ ਗੁਰੂ ਰਾਮ ਦਾਸ ਜੀ<br>ਪਾ: ਚੌਥੀ | ਸਭ ਬਿਧਿ ਮਾਨ੍ਹਿਉ, ਮਨ ਤਬਹੀ ਭਯਉ ਪ੍ਰਸੰਨੁ ॥<br>"ਰਾਜ-ਜੋਗ" ਤਖ਼ਤ ਦੀਅਨੁ, ਗੁਰ ਰਾਮ ਦਾਸ ॥੪ ॥<br>(ਪੰਨਾ ੧੩੯੯) |
| ੫. ਸ੍ਰੀ ਗੁਰੂ ਅਰਜਨ ਦੇਵ ਜੀ | ਗੁਰੂ ਰਾਮਦਾਸ ਤਨ ਸਰਬ ਮੈਂ ਸਹਜਿ ਚੰਦੋਆ ਤਾਣਿਅਉ ॥ |
| ਪਾ : ਪੰਜਵੀ | "ਗੁਰੂ ਅਰਜੁਨ" ਕਲੁਉਚਰੈ, ਤੈ 'ਰਾਜ-ਜੋਗ ਰਸ ਜਾਣਿਓ ॥੭ ॥ ਪੰਨਾ ੧੪੦੭<br>ਗੁਰ ਪਰਚੈ ਪਰਵਾਣੁ - "ਰਾਜ" ਮਹਿ ਜੋਗੁ ਕਮਾਯਉ ॥੮ ॥ ਪੰਨਾ ੧੪੦੮ |

ਉਪਰੋਕਤ ਗੁਰਬਾਣੀ ਦੀਆਂ ਉਦਾਹਰਣਾਂ ਤੋਂ ਸਿੱਧ ਹੋਇਆ ਕਿ ਸਤਿਗੁਰਾਂ ਪਹਿਲੀ ਪਾਤਸ਼ਾਹੀ ਤੋਂ ਪੰਜਵੀਂ ਤੱਕ "ਰਾਜ-ਜੋਗ" ਨੂੰ ਇਕੱਠਿਆਂ ਹੀ ਦਰਸਾਇਆ ਹੈ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਪਾ: ਛੇਵੀਂ ਨੇ ਸਮੇਂ ਦੀ ਚਾਲ-ਢਾਲ ਵੇਖਦਿਆਂ ਜੋਗ (ਮਾਲਾ) ਅਤੇ ਰਾਜ 'ਤਲਵਾਰ' ਦੋਹਾਂ ਦਾ ਸੁਮੇਲ ਦੋ ਤਲਵਾਰਾਂ "ਜੋਗ" ਸੱਜੇ ਤੇ "ਰਾਜ" ਖੱਬੇ ਪਹਿਣ ਕੈ, ਪ੍ਰਤੱਖ ਕਰ ਵਿਖਾਇਆ ਸੀ।



ਦਸ਼ਮੇਸ਼ ਜੀ ਨੇ ਪਹਿਲੀ ਪਾਤਸ਼ਾਹੀ ਦੇ ਫੁਰਮਾਣ ਨੂੰ ਸਾਕਾਰ ਰੂਪ ਦਿੱਤਾ :

ਪੰਚ ਪਰਵਾਣ - ਪੰਚ ਪਰਧਾਨੁ ॥
ਪੰਚੇ ਪਾਵਹਿ ਦਰਗਹਿ ਮਾਨੁ ॥
ਪੰਚੇ ਸੋਹਹਿ - ਦਰਿ ਰਾਜਾਨੁ ॥
ਪੰਚਾ ਕਾ ਗੁਰੁ ਏਕ - ਧਿਆਨੁ ॥ (ਜਪੁਜੀ ਸਾਹਿਬ ਪੰ : ੩) ਪਾ: ੧

ਹਰ ਫੁਰਮਾਣ ਨੂੰ ਅਮਲੀ ਰੂਪ ਦੇਂਦਿਆਂ ਖਾਲਸੇ ਨੂੰ "ਰਾਜ" "ਜੋਗ" ਵਿਚ ਨਿਪੁੰਨਤਾ ਬਖਸ਼ਸ਼ ਕੀਤੀ, ਇਸੇ ਕਰਕੇ ਤਿੰਨ ਇਸ਼ਟਾਂ ਦੀ ਪੂਜਾ ਦਾ ਖਾਲਸਾ ਜੀ ਨੂੰ ਆਦੇਸ਼ ਦਿੱਤਾ।

(੧) ਅਕਾਲ ਪੁਰਖ
(੨) ਗੁਰ ਕੀ ਬਾਣੀ- ਨਿਰੰਕਾਰ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ
(੩) ਕ੍ਰਿਪਾਨ

ਕ੍ਰਿਪਾਨ ਇਸ਼ਟ ਦਾ ਖੁਲਾਸਾ ਸ਼ੁਰੂ ਕਰਨ ਤੋਂ ਪਹਿਲਾਂ ਅਕਾਲ ਪੁਰਖ ਜੀ ਦੀ ਸੰਸਾਰ ਦੀ ਰਚਨਾ ਰਚ ਕੇ, ਉਸ ਦਾ ਤਮਾਸ਼ਾ ਇਕੱਲਾ ਬੈਠ ਕੇ ਵੇਖਦਾ ਹੈ ਫ਼ੁਰਮਾਨ :

੧. ਤੁਧ ਆਪੇ ਜਗਤੁ ਉਪਾਇ ਕੈ,
ਆਪੇ ਖੇਲ ਰਚਾਇਆ ॥ (ਪਉੜੀ ੩ - ਵਾਰ ਸੋਰਠਿ, ਪੰ : ੯੪੩)
੨. ਜਿਨਿ ਉਪਾਈ - ਰੰਗਿ ਰਵਾਈ,
ਬੈਠਾ ਵੇਖੈ - ਵਖਿ ਇਕੇਲਾ ॥ (ਤਿਲੰਗ ਮ: ੧ - ਪੰਨਾ ੭੨੩)

ਅਕਾਲ ਪੁਰਖ ਦੀ ਰਚਨਾ ਦਾ ਕਿਸੇ ਅੰਤ ਨਹੀਂ ਪਾਇਆ, ਪਰੰਤੂ ਗੁਰੂ ਸਾਹਿਬਾਨ ਦੇ ਉਚਾਰਨ ਕੀਤੇ ਮਹਾਂਵਾਕਾਂ ਤੋਂ ਪਤਾ ਲੱਗਦਾ ਹੈ ਕਿ ਸੰਸਾਰ ਦੀ ਰਚਨਾ ਕਈ ਵਾਰੀ ਹੋਈ ਹੈ, ਰਚਨਾ ਰਚ ਕੇ ਦੇਵਤੇ ਤੇ ਦੈਤਾਂ ਵਿਚ ਦੁਬਿਧਾ ਪਾਕੇ, ਦੇਵਤਿਆਂ ਨੂੰ ਜਦੋਂ-ਜਦੋਂ ਹੰਕਾਰ ਹੁੰਦਾ ਰਿਹਾ, ਅਕਾਲ ਪੁਰਖ ਇਹਨਾਂ ਦੇ ਹੰਕਾਰ ਨੂੰ ਤੋੜਨ ਲਈ ਸਮੇਂ-ਸਮੇਂ ਦੈਂਤ ਪੈਦਾ ਕਰਕੇ, ਫਿਰ ਆਪ ਹੀ ਦੇਵਤਿਆਂ ਦੀ ਅਰਾਧਨਾ ਤੇ ਆਪਣੀ ਸ਼ਕਤੀ ਪ੍ਰਗਟ ਕਰਕੇ ਦੈਂਤਾਂ ਦਾ ਨਾਸ ਕਰਦਾ ਆਇਆ ਹੈ। ਇਹ ਸਿਲਸਿਲਾ ਕਈ ਬਾਰ ਹੁੰਦਾ ਆਇਆ ਹੈ ਤੇ ਜਿਵੇਂ ਅਕਾਲ ਪੁਰਖ ਜਗਤ ਰਚਨਾ ਰਚ ਕੇ ਤਮਾਸ਼ਾ ਵੇਖਦਾ ਹੈ, ਅਕਾਲ ਪੁਰਖ ਦੇ ਸਪੂਤ ਦਸ਼ਮੇਸ਼ ਜੀ ਭੀ ਬਚਿੱਤਰ ਨਾਟਕ ਵਿਚ ਫੁਰਮਾਇਆ :

ਜੋ ਹਮ ਕੋ ਪਰਮੇਸੁਰ ਉਚਰਿ ਹੈ ॥
ਤੇ ਸਭ ਨਰਕ ਕੁੰਡ ਮਹਿ ਪਰਿ ਹੈ ॥
ਮੋਕੋ ਦਾਸ ਤਵਨਕਾ ਜਾਨੋ ॥
ਯਾ ਮੈ ਭੇਦ ਨ ਰੰਚ ਪਛਾਨੋ ॥੩੨ ॥
ਮੈ ਹੋ ਪਰਮ ਪੁਰਖ ਕੋ ਦਾਸਾ ॥
ਦੇਖਨਿ ਆਯੋ ਜਗਤ "ਤਮਾਸਾ" ॥ (ਬਚਿੱਤਰ ਨਾਟਕ ਪਾ: ੧੦ ਧਿਆਇ ਸਤਵਾਂ)

ਇਸੇ ਤਰ੍ਹਾਂ ਸੰਸਾਰ ਦੀ ਰਚਨਾ ਕਈ ਵਾਰ ਅਕਾਲ ਪੁਰਖ ਰਚਦਾ, ਮੇਟਦਾ ਇਹ ਉਸ ਦਾ ਵਿਵਹਾਰ ਹੈ, ਗੁਰਬਾਣੀ ਦੁਆਰਾ ਫੁਰਮਾਣ :

੧. ਕਈ ਬਾਰ ਪਸਰਿਓ ਪਾਸਾਰ ॥
ਸਦਾ-ਸਦਾ, ਇਕ ਏਕੰਕਾਰ ॥

(ਸੁਖਮਨੀ ਸਾ: ਪਉੜੀ ੨ ਅਸ਼ਟਪਦੀ ੧੦ ਪੰਨਾ ੨੭੯)

ਉਪਰੋਕਤ ਫੁਰਮਾਨ ਦੀ ਪੁਸ਼ਟੀ ਦਸ਼ਮੇਸ਼ ਜੀ ਦਸਮ ਗ੍ਰੰਥ ਦੇ ਪ੍ਰਿਥਮ ਧਿਆਇ ਬਚਿੱਤਰ ਨਾਟਕ ਵਿਚ ਫੁਰਮਾ ਰਹੇ ਹਨ :-

## ਰਸਾਵਲ ਚੰਦ ॥

੧. ਜਿਤੇ ਰਾਮ ਹੂਏ ॥ ਸਭੈ ਅੰਤਿ ਮੂਏ ॥
੨. ਜਿਤੇ ਕ੍ਰਿਸ਼ਨ ਹ੍ਵੈ ਹੈਂ ॥ ਸਭੈ ਅੰਤਿ ਜੈ ਹੈਂ ॥੭੦ ॥
੩. ਜਿਤੇ ਦੇਵ ਹੋਸੀ ॥ ਸਭੈ ਅੰਤ ਜਾਸੀ ॥
੪. ਜਿਤੇ ਬੋਧ ਹ੍ਵੈ ਹੈ ॥ ਸਭੈ ਅੰਤਿ ਛੈ ਹੈ ॥੭੧ ॥
੫. ਜਿਤੇ ਦੇਵਰਾਯੰ ॥ ਸਭੈ ਅੰਤ ਜਾਯੰ ॥
੬. ਜਿਤੇ ਦੇਈਂਤ ਏਸੰ ॥ ਤਿਤਯੋ ਕਾਲ ਲੇਸੰ ॥੭੩ ॥
੭. ਨਰਸਿੰਘਾ ਅਵਤਾਰੰ ॥ ਵਹੈ ਕਾਲ ਮਾਰੰ ॥
੮. ਬਡੋ ਡੰਡ ਧਾਰੀ ॥ ਹਣਿਓ ਕਾਲ ਭਾਰੀ ॥੧੩ ॥
੯. ਦਿਜੰ ਬਾਵਨੇਯੰ ॥ ਹਣਿਓ ਕਾਲ ਤੇਯੰ ॥
੧੦. ਮਹਾਂ ਮੱਛ ਮੁੰਡੰ ॥ ਫਧਿਓ ਕਾਲ ਝੁੰਡੰ ॥੧੪ ॥
੧੧. ਜਿਤੇ ਹੋਇ ਬੀਤੇ ॥ ਤਿਤੈ ਕਾਲ ਜੀਤੇ ॥
੧੨. ਜਿਤੇ ਸਰਨਿ ਜੈਹੈਂ ॥ ਤਿਤਿਓ ਰਾਖ ਲੈ ਹੈਂ ॥੭੫ ॥

ਅਕਾਲ ਪੁਰਖ ਨੇ ਸੰਸਾਰ ਮਿਥਿਆ - ਨਾਮਵੰਤ ਰਚਨਾ ਰਚੀ ਹੈ ਤੇ ਸਭ ਉਪਰ ਮੌਤ ਦਾ ਭੈ ਸਵਾਰ ਕਰ ਰਖਿਆ ਹੈ, ਜਦ ਜੀਵ ਸੰਸਾਰ ਤੇ ਆਉਂਦਾ ਹੈ ਤਾਂ ਮਰਨਾ ਲਿਖਵਾ ਕੇ ਆਉਂਦਾ ਹੈ, ਬਾਣੀ ਦਾ ਫੁਰਮਾਨ :

ਮਰਣੁ ਲਿਖਾਇ - ਮੰਡਲ ਮਹਿ ਆਏ ॥
ਕਿਉ ਰਹੀ ਐ - ਚਲਣਾ ਪਰਥਾਏ ॥.....੭ ॥

(ਮਾਰੂ ਮ :੧ - ਪੰਨਾ ੧੦੨੨)

**ਦਸਮੇਸ਼ ਜੀ ਦਾ ਫੁਰਮਾਣ :**

ਭਾਵੇਂ ਕਿਤਨੇ ਬਲਵਾਨ, ਤਪੀ, ਭਗਤ ਸਭ ਕਾਲ ਦੇ ਵਸ ਹਨ, ਇਉਂ ਕਈ ਜੁਗਾ ਦੀ ਚੌਕੜੀ ਚਲਾਈ ਰਖਦਾ ਹੈ ਪਰਮੇਸ਼ਵਰ :



੧. ਏਕ ਸਿਵ ਭਏ, ਏਕ ਗਏ, ਏਕ ਫੇਰ ਭਏ, ਰਾਮ ਚੰਦ੍ਰ-ਕ੍ਰਿਸ਼ਨ ਕੇ ਅਵਤਾਰ ਭੀ ਅਨੇਕ ਹੈਂ ॥
ਬ੍ਰਹਮਾ ਅਰੁ ਬਿਸਨ ਕੇਤੇ - ਬੇਦ ਔ ਪੁਰਾਨ ਕੇਤੇ, ਸਿੰਮ੍ਰਿਤ ਸਮੂਹਨ ਕੇ, ਹੁਇ ਹੁਇ ਬਿਤਏ ਹੈ ॥
ਮੋਨਦੀ-ਮਦਾਰ ਕੇਤੇ-ਅਸੁਨੀ ਕੁਮਾਰ ਕੇਤੇ-ਅੰਸਾ ਅਵਤਾਰ ਕੇਤੇ, ਕਾਲ ਬਸ ਭਏ ਹੈਂ ॥
ਪੀਰ ਔ ਪਿਕਾਬਰ ਕੇਤੇ-ਗਨੇ ਨ ਪਰਤ ਏਤੇ-ਭੂਮ ਹੀ ਤੇ ਹੁਇ ਕੈ ਫੇਰਿ ਭੂਮ ਹੀ ਮਿਲਏ ਹੈ ॥੭ ॥੧੭ ॥

੨. ਜੋਗੀ-ਜਤੀ, ਬ੍ਰਹਮਚਾਰੀ- ਬਡੇ ਬਡੇ ਛੱਤਰਧਾਰੀ, ਛੱਤਰ ਹੀ ਕੀ ਛਾਇਆ, ਕਈ ਕੋਸ ਲੌ ਚਲਤ ਹੈਂ ॥ ਬਡੇ ਬਡੇ ਰਾਜਨ ਕੇ, ਦਾਬਤਿ ਫਿਰਤਿ ਦੇਸ, ਬਡੇ ਬਡੇ ਰਾਜਨ ਕੇ, ਦ੍ਰਪ ਕੋ ਦਲਤ ਹੈਂ ॥
ਮਾਨ ਤੇ ਮਹੀਪ, ਔ ਦਿਲੀਪ ਕੈਸੇ ਛੱਤਰਧਾਰੀ, ਬਡੋ ਅਭਿਮਾਨ ਭੁਜ ਦੰਡ ਕੋ ਕਰਤ ਹੈਂ ॥
ਦਾਰਾ ਸੇ ਦਿਲੀਸਰ, ਦ੍ਰਜੋਧਨ ਸੇ ਮਾਨਧਾਰੀ, ਭੋਗ ਭੋਗ ਭੂਮ, ਅੰਤ ਭੂਮ ਮੈ ਮਿਲਤ ਹੈਂ ॥੮ ॥੧੮ (ਅਕਾਲ ਉਸਤਤ ਪਾ : ੧੦)

ਬਚਿੱਤਰ ਨਾਟਕ ਵਿਚ ਕਲਗੀਧਰ ਸਤਿਗੁਰੂ, ਕਾਲ ਦੇ ਵਸ ਸਭ ਨੂੰ ਪ੍ਰਭੂ ਨੇ ਕੀਤਾ ਹੋਇਆ ਹੈ, ਦਾ ਖਲਾਸਾ ਇਸ ਪ੍ਰਕਾਰ ਅੰਕਤ ਕਰਦੇ ਹਨ :

੧. ਕਾਲ ਹੀ ਪਾਇ ਭਯੋ ਭਗਵਾਨ, ਸੁ ਜਾਗਤ ਯਾ ਜਗ, ਜਾਂ ਕੀ ਕਲਾ ਹੈ ॥
੨. ਕਾਲ ਹੀ ਪਾਇ ਭਯੋ ਬ੍ਰਹਮਾ-ਸਿਵ, ਕਾਲ ਹੀ ਪਾਇ, ਭਯੋ ਜੁਗੀਆਂ ਹੈ ॥
੩. ਕਾਲ ਹੀ ਪਾਇ ਸੁਰਾਸੁਰ-ਗੰਧ੍ਰਬ-ਜਛ-ਭੁਯੰਗ, ਦਿਸਾ ਬਿਦਿਸਾ ਹੈ ॥
੪. ਅਉਰ ਸੁਕਾਲ ਸਭੈ ਬਸਿ ਕਾਲ ਕੇ, ਏਕ ਹੀ 'ਕਾਲ' ਅਕਾਲ ਸਦਾ ਹੈ ॥੮੪ ॥

(ਬਚਿਤ੍ਰ ਨਾਟਕ)

ਸ੍ਰਿਸਟੀ ਦਾ ਚੱਕਰ ਨਿਰੰਕਾਰ ਨੇ ਕਈ ਵਾਰ ਪਸਾਰਾ ਕਰਕੇ, ਫਿਰ ਲੈ ਕਰ ਲੈਂਦਾ ਹੈ, ਇਹ ਉਸ ਦੀ ਅਸਚਰਜ ਖੇਡ ਹੈ। ਰਾਜਿਆਂ ਨੂੰ ਕੰਗਾਲ ਤੇ ਭਿਖਾਰੀਆਂ ਨੂੰ ਰਾਜ ਅਤੇ ਭਰਿਆ ਨੂੰ ਸਖਣੇ ਕਰ ਦੇਂਦਾ ਹੈ। ਅਜੇਹਾ ਕਰਕੇ ਭੀ ਆਪ ਨਿਆਰਾ ਰਹਿੰਦਾ ਹੈ ਤੇ ਆਪਣੇ ਤੇ ਪ੍ਰਭੂ ਦੋਸ਼ ਨਹੀਂ ਲੈਂਦਾ :

ਕਾਲ ਆਪਣਾ ਨਾਮ ਛਪਾਈ ॥
ਅਉਰਨ ਕੇ ਸਿਰ ਦਈ ਬੁਰਾਈ ॥

ਇਉਂ ਜਗਤ ਤਮਾਸ਼ਾ ਕਰਦਾ ਰਹਿੰਦਾ ਹੈ, ਪਰ ਉਸ ਦੀ ਗਤੀ ਨੂੰ ਕੋਈ ਨਹੀਂ ਜਾਣਦਾ, ਕਿਉਂਕਿ ਉਹ ਜਿੱਥੇ ਦੇਵਤਿਆਂ ਅੰਦਰ ਹਉਮੈ ਦਾ ਕੰਡਾ ਖੜਾ ਕਰ ਦੇਂਦਾ ਹੈ, ਇਹਨਾਂ ਦਾ ਅਭਿਮਾਨ ਉਤਾਰਨ ਲਈ ਦੈਂਤ, ਫਿਰ ਦੈਂਤ ਨੂੰ ਮਾਰਨ ਲਈ ਕੋਈ ਨਾ ਕੋਈ ਰੂਪ ਧਾਰ ਲੈਂਦਾ ਹੈ, ਇਉਂ ਉਸਾਰਨਾ-ਢਾਹਣਾ ਪ੍ਰਭੂ ਦਾ ਵਿਹਾਰ ਹੈ, ਫੁਰਮਾਨ :

ਹਰਿ ਕੀ ਗਤਿ ਨਹਿ ਕੋਊ ਜਾਨੈ ॥ ਜੋਗੀ ਜਤੀ, ਤਪੀ, ਪਚਹਾਰੇ
ਅਰੁ ਬਹੁ ਲੋਗ ਸਿਆਨੇ ॥ ਰਹਾਉ ॥
ਛਿਨ ਮਹਿ ਰਾਉ ਰੰਕ ਕਉ ਕਰਈ, ਰਾਉ ਰੰਕ ਕਰਿ ਡਾਰੇ ॥
ਰੀਤੇ ਭਰੇ ਭਰੇ ਸਖਨਾਵੈ, ਯਹ ਤਾ ਕੋ ਬਿਵਹਾਰੇ ॥੧॥
ਅਪਨੀ ਮਾਇਆ-ਆਪਿ ਪਸਾਰੀ, ਆਪਹਿ ਦੇਖਨ ਹਾਰਾ ॥
ਨਾਨਾ ਰੂਪ ਧਰੇ ਬਹੁਰੰਗੀ "ਸਭ ਤੇ ਰਹੈ ਨਿਆਰਾ ॥"
ਅਗਨਤ-ਅਪਾਰ-ਅਲਖ ਨਿਰੰਜਨ ਜਿਹ ਸਭ ਜਗੁ ਭਰਮਾਇਓ ॥
ਸਗਲ ਭਰਮ ਤਜਿ-ਨਾਨਕ-ਪ੍ਰਾਣੀ, ਚਰਨਿ ਤਾਹਿ ਚਿਤੁ ਲਾਇਓ ॥੩॥੬॥੨॥

(ਬਿਹਾਗੜਾ ਮ: ੯ ਪੰਨਾ ੫੩)

ਇਹ ਸਿਲਸਲਾ ਜੁਗਾਂ ਪ੍ਰਤੀ ਚਲਦਾ ਰਹਿੰਦਾ ਹੈ, ਗੁਰਬਾਣੀ ਦਾ ਫੁਰਮਾਨ ਹੈ ਕਿ ਛੱਤੀ ਜੁੱਗ ਸੰਸਾਰ ਦੀ ਰਚਨਾ ਰਚ ਕੇ, ਉਪਰੰਤ ਸਭ ਸ੍ਰਿਸ਼ਟੀ ਆਪਣੇ ਵਿਚ ਸਮੇਟ ਕੇ, ਛੱਤੀ ਜੁਗ ਸੁੰਨ ਸਮਾਧ ਪਰਮੇਸ਼ਵਰ ਬੈਠਾ ਰਹਿੰਦਾ ਹੈ :

ਪਉੜੀ ॥ ਆਪੇ ਸਭ ਘਟ ਅੰਦਰੇ, ਆਪੇ ਹੀ ਬਾਹਰ ॥
ਆਪੇ ਗੁਪਤ ਵਰਤਦਾ ਆਪੇ ਹੀ ਜਾਹਰ "ਜੁਗ ਛੱਤੀ ਗੁਬਾਰੁ ਕਰਿ" ਵਰਤਿਆ ਸੁਨਾਹਰ ॥ (ਸੁੰਨ ਸਮਾਧੀ)
ਉਥੈ-ਵੇਦ-ਪੁਰਾਨ ਨ ਸਾਸਤਾ, ਆਪੇ ਹਰਿ ਨਰ ਹਰਿ ॥
ਬੈਠਾ ਤਾੜੀ ਲਾਇ, ਆਪਿ- ਸਭ ਦੂ ਹੀ ਬਾਹਰ ॥
ਆਪਨੀ ਮਿਤਿ ਆਪਿ ਜਾਣਦਾ - ਆਪੇ ਹੀ ਗਉਹਰ ॥੧੯॥

(ਬਿਹਾਗੜਾ ਕੀ ਵਾਰ ਮ : ੪ - ਪੰਨਾ ੫੫੫)

ਸੰਸਾਰ ਦੀ ਰਚਨਾ ਇਸੇ ਤਰ੍ਹਾਂ 4 ਜੁਗ ਦੀ ਚੌਕੜੀ 9 ਵਾਰੀ ਚਲਦੀ ਹੈ, ਭਾਵ 4×9 = 36 ਜੁਗ ਅਕਾਲ ਪੁਰਖ, ਇਸੇ ਤਰ੍ਹਾਂ ਜੁਗਾਂ ਦੀ ਚੌਕੜੀ ਚਲਾਈ ਰਖਦਾ ਹੈ, ਤੇ ਜੀਵ, ਚਾਰ ਜੁਗ (ਸੱਤਜੁਗ ਤ੍ਰੇਤਾ - ਦੁਆਪਰ ਤੇ ਕਲਿਜੁਗ) ਵਿਚ ਕਰਮ ਬੱਧਾ ਜੰਮਦਾ-ਮਰਦਾ ਰਹਿੰਦਾ ਹੈ। ਅਤੇ ਸੱਤਜੁਗ ਤੋਂ ਤ੍ਰੇਤਾ ਜੁਗ ਅਤੇ ਦੁਆਪਰ ਜੁਗ ਤੱਕ ਦੇ ਕੀਤੇ ਕਰਮਾਂ ਦਾ ਲੇਖਾ ਕਲਿਜੁਗ ਵਿਚ ਨਿਬੜਦਾ ਹੈ। ਜੀਵਾਂ ਦਾ ਕਰਮਾਂ ਅਨੁਸਾਰ ਜਨਮ ਧਾਰਨ ਦੀ ਕ੍ਰਿਆ ਭਾਈ ਗੁਰਦਾਸ ਜੀ ਇਸ ਪ੍ਰਕਾਰ ਵਰਨਣ ਕਰਦੇ ਹਨ :

੧. ਜੁਗਿ ਜੁਗਿ ਮੇਰ ਸਰੀਰ ਕਾ, ਬਾਸਨਾ ਬਧਾ-ਆਵੈ ਜਾਵੈ ॥
੨. ਫਿਰ ਫਿਰ- ਫੇਰਿ ਵਟਾਈਐ - ਗਿਆਨੀ ਹੋਇ ਮਰਮ ਕਉ ਪਾਵੈ ॥
੩. ਸਤਿਜੁਗਿ - 'ਦੂਜਾ' ਭਰਮ ਕਰਿ, ਤ੍ਰੇਤੇ ਵਿਚਿ ਜੋਨੀ ਫਿਰਿ ਆਵੈ ॥
੪. ਤ੍ਰੇਤੇ - 'ਕਰਮਾਂ' ਬਾਧਤੇ, ਦੁਆਪਰਿ ਫਿਰਿ ਅਵਤਾਰ ਕਰਾਵੈ ॥
੫. ਦੁਆਪਰਿ 'ਮਮਤਾ' ਅਹੰ ਕਰਿ, ਹਉਮੈ ਅੰਦਰਿ ਗਰਬਿ ਗਲਾਵੈ ॥
੬. ਤ੍ਰਿਹੁ ਜੁਗਾਂ ਕੇ ਕਰਮ ਕਰਿ - ਜਨਮ-ਮਰਨ, ਸੰਸਾਰ ਚੁਕਾਵੈ ॥
੭. ਫਿਰਿ ਕਲਿਜੁਗ ਅੰਦਰਿ ਦੇਹਿ ਧਰਿ, ਕਰਮਾਂ ਅੰਦਰ ਫੇਰ ਫਸਾਵੈ ॥
੮. ਅਉਸਰੁ ਚੁਕਾ - ਹਥ ਨ ਆਵੈ ॥੧੫॥ (ਵਾਰ ਪਹਿਲੀ)



## ਕਲਿਜੁਗ ਦਾ ਨਿਯਮ

੧. ਕਲਿਜੁਗ ਕੀ ਸੁਣ ਸਾਧਨਾ, ਕਰਮ-ਕਿਰਤਿ ਕੀ ਚਲੇ ਨ ਕਾਈ ॥
੨. ਬਿਨਾ ਭਜਨ ਭਗਵਾਨ ਕੇ, ਭਾਉ ਭਗਤਿ ਬਿਨੁ, ਠਉੜਿ ਨ ਪਾਈ ॥
੩. ਲਹੇ ਕਮਾਣਾ-ਏਤ ਜੁਗਿ, ਪਿਛਲੀਂ ਜੁਗੀਂ ਕਰੀ-ਕਮਾਈ ॥
੪. ਪਾਇਆ ਮਾਨਸ ਦੇਹਿ ਕਉ, ਐਥੋ ਚੁਕਿਆ, ਠੌਰ ਨ ਠਾਈ ॥
੫. ਕਲਿਜੁਗਿ ਕੇ ਉਪਕਾਰ ਸੁਣ, ਜੈਸੇ ਬੇਦ ਅਥਰਵਣ ਗਾਈ ॥
੬. ਭਾਉ ਭਗਤਿ ਪਰਵਾਨ ਹੈ, ਜਗ-ਹੋਮ ਗੁਰਪੁਰਬਿ ਕਮਾਈ ॥
੭. ਕਰਿ ਕੇ ਨੀਚ ਸਦਾਵਣਾ, ਤਾਂ ਪ੍ਰਭੁ ਲੇਖੈ ਅੰਦਰਿ ਪਾਈ ॥
੮. ਕਲਿਜੁਗਿ-ਨਾਵੈ ਕੀ ਵਡਿਆਈ ॥੧੯॥ (ਵਾਰ ੧)

ਗੁਰਬਾਣੀ ਦੁਆਰਾ ਕਲਿਜੁਗ ਵਿਚ ਹੋਰ ਕੋਈ ਕਰਮਾਂ ਦਾ ਕੋਈ ਲਾਭ ਨਹੀਂ ਕਿਉਂਕਿ ਫੁਰਮਾਨ ਹੈ :

ਚਹੁ ਜੁਗਾ ਕਾ ਹੁਣਿ ਨਿਬੇੜਾ,
ਨਰ-ਮਨੁਖਾ ਨੋ, ਏਕੁ ਨਿਧਾਨਾ ॥
ਜਤੁ-ਸੰਜਮ-ਤੀਰਥ, ਓਨਾ ਜੁਗਾ ਕਾ ਧਰਮੁ ਹੈ,
ਕਲਿ ਮਹਿ - ਕੀਰਤਿ ਹਰਿ ਨਾਮਾ ॥੨॥ (ਬਿਲਾਵਲ ਮ: ੩- ਪੰਨਾ ੭੯੮)

ਨਿਰੰਕਾਰ ਨੇ ਚਹੁੰ ਜੁਗਾਂ ਦਾ ਵੱਖ-ਵੱਖ ਧਰਮਾਂ ਦੀ ਮਰਯਾਦਾ ਬਣਾਈ ਹੋਈ ਹੈ। ਇਸ ਲਈ ਜੇਹੜਾ ਭੀ ਜੁਗ ਹੁੰਦਾ ਹੈ ਉਸ ਦੀ ਮਰਯਾਦਾ ਮੁਤਾਬਕ ਹੀ ਜੀਵ ਮੁਕਤੀ ਪ੍ਰਾਪਤ ਕਰ ਸਕਦਾ ਹੈ, ਉਪਰ ਦਰਸਾਏ ਮਹਾਂਵਾਕਾਂ ਅਨੁਸਾਰ ਕਲਿਜੁਗਿ ਵਿਚ ਚਹੁ ਜੁਗਾਂ ਦੇ ਕਰਮਾ ਦਾ ਨਬੇੜਾ ਕਰਨਾ ਹੀ ਆਪ ਅਕਾਲ ਪੁਰਖ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਰੂਪ ਵਿਚ ਅਵਤਰੇ ਸਨ। ਇਸ ਲਈ ਫੁਰਮਾਇਆ ਹੈ :

ਕਲਿਜੁਗ ਕਾ ਧਰਮੁ ਕਹਹੁ ਤੁਮ ਭਾਈ,
ਕਿਵ ਛੂਟਹ ਹਮ ਛੁਟਕਾਕੀ ॥
ਹਰਿ ਹਰਿ ਜਪੁ ਬੇੜੀ ਹਰਿ ਤੁਲਹਾ,
ਹਰਿ ਜਪਿਓ ਤਰੇ ਤਰਾਕੀ ॥੧॥ (ਬਨਾਸਰੀ ਮ: ੪, ਪੰਨਾ : ੬੯੮)

ਜੁਗਿ-ਜੁਗਿ, ਆਪੋ ਆਪਣਾ ਧਰਮ ਹੈ, ਸੋਧਿ ਦੇਖਹੁ ਬੇਦ ਪੁਰਾਨਾ ॥
ਗੁਰਮੁਖਿ ਜਿਨੀ ਧਿਆਇਆ ਹਰਿ ਹਰਿ, ਜਗਿ ਤੇ ਪੂਰੇ ਪਰਵਾਨਾ ॥੩॥

(ਬਿਲਾਵਲ ਮ: ੩, ਪੰਨਾ ੭੯੭)

ਚਹੁ ਜੁਗ ਦਾ ਧਰਮ, ਜਿਸ ਨਾਲ ਜੀਵ ਦੀ ਮੁਕਤੀ ਦੇ ਸਾਧਨ ਵੇਦਾਂ ਅਨੁਸਾਰ ਦਰਜ ਹੈ

ਸਤਿਜੁਗਿ 'ਸਤ', ਤ੍ਰੇਤਾ ਜਗੀ, ਦੁਆਪਰਿ ਪੂਜਾਚਾਰ ॥
ਤੀਨੌ ਜੁਗਿ-ਤੀਨੌ ਦਿੜੇ, "ਕਲਿ" ਕੇਵਲ ਨਾਮ ਅਧਾਰ ॥੧॥

(ਗਉੜੀ ਬੈਰਾਗਣਿ ਭਗਤ ਰਵਿਦਾਸ ਜੀ ਪੰਨਾ ੩੪੬)

ਜੀਵਾਂ ਦੇ ਕਰਨ ਵਾਲੇ ਕਰਮਾਂ ਅਤੇ ਜੁਗਾਂ-ਜੁਗਾਂ ਦਾ ਵਰਤਾਰਾ ਕੀ ਸੀ, ਪਰ ਸਾਰੇ ਜੁਗਾਂ ਵਿਚ ਨਾਮ ਸ਼੍ਰੇਸ਼ਟ ਮੰਨਿਆਹੈ, ਹੋਰ ਕਰਮ, ਨਾਮ ਦੇ ਸਹਾਇਕ ਹਨ, ਅਸਲ ਮੁਕਤੀ ਜੀਵ ਦੇ ਨਾਮ ਜਪਨ ਨਾਲ ਹੀ ਦਰਸਾਈ ਹੈ, ਗੁਰਬਾਣੀ ਦਾ ਮਹਾਂਵਾਕ :-

ਸਤਜੁਗਿ ਸਚੁ ਕਹੈ ਸਭੁ ਕੋਈ ॥ ਘਰਿ ਘਰਿ ਭਗਤਿ ਗੁਰਮੁਖਿ ਹੋਈ ॥
ਸਤਜੁਗਿ-ਧਰਮ ਪੈਰ ਹੈ ਚਾਰ ॥ ਗੁਰਮੁਖਿ ਬੂਝੈ ਕੋ ਬੀਚਾਰ ॥੧ ॥
ਜੁਗ ਚਾਰੇ "ਨਾਮਿ" ਵਡਿਅਈ ਹੋਈ ॥
ਜਿ "ਨਾਮਿ" ਲਾਗੇ ਸੇ ਮੁਕਤਿ ਹੋਵੈ ' ਗੁਰਬਿਨੁ "ਨਾਮੁ" ਨ ਪਾਵੈ ਕੋਈ ॥੧ ॥ਰਹਾਉ ॥
੨. ਤ੍ਰੈਤੇ - ਇਕ ਕਲ ਕੀਨੀ ਦੂਰਿ ॥ ਪਾਖੰਡ ਵਰਤਿਆ, ਹਰਿ ਜਾਣਨਿ ਦੂਰਿ ॥
ਗੁਰਮੁਖਿ ਬੂਝੈ ਸੋਈ ਹੋਈ ॥ ਅੰਤਰਿ ਨਾਮੁ ਵਸੈ ਸੁਖੁ ਹੋਈ ॥੨ ॥
੩. ਦੁਆਪੁਰਿ - ਦੂਜੇ-ਦੁਬਿਧਾ ਹੋਇ ॥ ਭਰਮਿ-ਭੁਲਾਨੇ, ਜਾਣਹਿ ਦੋਇ ॥
ਦੁਆਪੁਰਿ - ਧਰਮਿ ਦੁਇ ਪੈਰ ਰਖਾਏ ॥ ਗੁਰਮੁਖਿ ਹੋਵੈ, "ਨਾਮ" ਦ੍ਰਿੜਾਏ ॥੩ ॥
੪. ਕਲਜੁਗਿ-ਧਰਮ ਕਲਾ, ਇਕ ਰਹਾਏ ॥
ਇਕ ਪੈਰ ਚਲੇ, ਮਾਇਆ ਮੋਹੁ ਵਧਾਏ ॥
ਮਾਇਆ ਮੋਹੁ ਅਤਿ ਗੁਬਾਰੁ ॥ ਸਤਗੁਰੁ ਭੇਟੈ, "ਨਾਮਿ" ਉਧਾਰੁ ॥੪ ॥
ਸਭ ਜੁਗ ਮਹਿ ਸਾਚਾ ਏਕੋ ਸੋਈ ॥ ਸਭ ਮਹਿ ਸਚੁ-ਦੂਜਾ ਨਹੀ ਕੋਈ ॥
ਸਾਚੀ ਕੀਰਤਿ-ਸਚੁ ਸੁਖੁ ਹੋਈ ॥ ਗੁਰਮੁਖਿ "ਨਾਮੁ" ਵਖਾਣੈ ਕੋਈ ॥੫ ॥
ਸਭ ਜੁਗ ਮਹਿ "ਨਾਮੁ" ਉਤਮੁ ਹੋਈ ॥
ਗੁਰਮੁਖਿ-ਵਿਰਲਾ ਬੂਝੈ ਕੋਈ ॥
"ਹਰਿ ਨਾਮ" ਧਿਆਏ - ਭਗਤ ਜਨ ਸੋਈ ॥
ਨਾਨਕ ਜੁਗਿ-ਜੁਗਿ 'ਨਾਮਿ' ਵਡਿਆਈ ਹੋਈ ॥੬ ॥੧ ॥

(ਰਾਮਕਲੀ ਮ: ੩, ਪੰਨਾ ੮੮੦)

ਉਪਰੋਕਤ ਬਾਣੀ ਤੋਂ ਸਪਸ਼ਟ ਹੋਇਆ ਕਿ :

ਕਹੁ ਨਾਨਕ ਇਹੁ ਤਤੁ ਬਿਚਾਰਾ ॥
ਬਿਨੁ ਹਰਿ ਭਜਨ ਨਾਹੀ ਛੁਟਕਾਰਾ ॥੩ ॥੪੪ ॥੧੧੩ ॥

(ਗਉੜੀ ਮ : ੫ - ਪੰਨਾ ੧੮੮)

ਸਿਮ੍ਰਿਤਿ-ਬੇਦ-ਪੁਰਾਣ-ਪੁਕਾਰਨਿ ਪੋਥੀਆ ॥
"ਨਾਮ ਬਿਨਾ" ਸਭਿ ਕੂੜੁ-ਗਾਲੀ ਹੋਛੀਆ ॥੧ ॥
"ਨਾਮ ਨਿਧਾਨੁ" ਅਪਾਰੁ-ਭਗਤਾ ਮਨਿਵਸੈ ॥
ਜਨਮ-ਮਰਣ-ਮੋਹ ਦੁਖੁ- ਸਾਧੂ ਸੰਗਿ ਨਸੈ ॥੧ ॥ ਰਹਾਉ ॥

(ਸੂਹੀ ਮ: ੫- ਪੰਨਾ ੭੬੧)

ਗੁਰਬਾਣੀ ਦੁਆਰਾ ਸਪਸ਼ਟ ਹੋਇਆ ਕਿ ਜੁਗਾਂ ਦੇ ਧਰਮਾਂ-ਨਿਯਮਾਂ ਜੋ ਸਿਆਣਿਆਂ ਗੀਤਾਂ ਚਲਾਈਆਂ ਉਹਨਾਂ ਕਰਮਾਂ ਦੇ ਬੰਧਨ ਵਿਚ ਜੀਵ ਬਝਿਆ ਰਿਹਾ।



ਜਿਸ ਕਰਕੇ ਮਨੁਸ਼ ਬਾਰ-ਬਾਰ ਜਨਮਦਾ ਹੈ, ਜਿਸ ਬਾਰੇ ਪਿੱਛੇ ਭਾਈ ਗੁਰਦਾਸ ਜੀ ਦਾ ਉਚਾਰਨ ਵਾਰ ੧, ਪਉੜੀ ੧੯ ਵਿਚ ਦਰਸਾਇਆ ਹੈ। ਉਪਰੋਕਤ ਸ਼ਬਦ ਤੋਂ ਭੀ ਸੰਕੇਤ ਇਹ ਹੀ ਮਿਲਦਾ ਹੈ, ਜਿਸ ਜੁੱਗ ਵਿਚ ਜੀਵ ਜਨਮਿਆ ਹੋਵੇ, ਉਸੇ ਜੁਗ ਦਾ ਧਰਮ (ਨਿਯਮ-ਮੁਤਾਬਕ) ਧਾਰਨ ਕਰਕੇ, ਗੁਰ ਉਪਦੇਸ਼ ਦੁਆਰਾ 'ਨਾਮ' ਜਪਣ ਨਾਲ ਮੁਕਤੀ ਹੈ। ਸੋ ਕਲਿਜੁਗਿ ਦਾ ਵਿਧਾਨ 'ਨਾਮ ਮੰਤਰ' (ਗੁਰੂ ਮੰਤਰ) ਕੇਵਲ "ਵਾਹਿਗੁਰੂ" ਹੈ।

ਇਹ ਦਰਸਾਉਣ ਵਾਲੇ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ, ਦਸ ਜਾਮੇ ਧਾਰ ਕੇ, ਜੋ ਮਰਯਾਦਾ ਅੰਤਮ ਸਤਿਗੁਰੂ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਅਕਾਲ ਪੁਰਖ ਦੇ ਹੁਕਮ ਮੁਤਾਬਕ- ਅਕਾਲ ਫੌਜ ਦੀ ਸਿਰਜਨਾ ਕਰਕੇ, ਖਾਲਸੇ ਨੂੰ ਜੋ ਨਿਯਮਬੱਧ ਕੀਤਾ ਹੈ, ਉਸ ਦੇ ਧਾਰਨ (ਭਾਵ ਪੰਜ ਕਕਾਰ ਦੀ ਰਹਿਤ) ਅਤੇ ਪੰਜ ਬਾਣੀਆਂ ਪੜਣੀਆਂ - ਸੇਵਾ ਸਿਮਰਨ, ਧਰਮ ਦੀ ਕਿਰਤ ਕਰਨੀ, ਅਕਾਲ ਫੌਜ ਸਾਜ-ਅਕਾਲ ਉਪਾਸਕ- ਖਾਲਸੇ ਨੂੰ 'ਰਾਜ ਤੇ ਜੋਗ' ਦੀ ਇਕੱਠੀ ਹੀ ਬਖਸ਼ਸ਼ ਕਰ ਦਿੱਤੀ, ਕਿਉਂਕਿ ਕਲਿਜੁਗ ਵਿਚ ਹੋਰ ਕੋਈ ਕਰਮ ਸਫਲ ਨਹੀਂ ? ਜੋ ਗੁਰਬਾਣੀ ਤੋਂ ਸਪਸ਼ਟ ਹੋਇਆ ਕਿ ਸਵਾਇ, ਹਰੀ-ਪ੍ਰਭੂ ਦੀ ਕੀਰਤੀ-ਸਿਮਰਨ ਬਿਨਾ ਸਾਰੇ ਕਰਮਾਂ ਦਾ ਸ੍ਰੇਸ਼ਟ ਕਰਮ ਹੈ ਸਤਿਗੁਰੂ ਜੀ ਫੁਰਮਾ ਰਹੇ ਹਨ :

ਪਾਠ ਪੜਿਓ- ਅਰੁ ਬੇਦ ਬੀਚਾਰਿਓ-ਨਿਵਲਿ ਭੁਅੰਗਮ ਸਾਧੇ ॥
ਪੰਚ ਜਨਾ ਸਿਉ ਸੰਗੁ ਨ ਛੁਟਕਿਓ-ਅਧਿਕ ਅਹੰਬੁਧਿ ਬਾਧੇ ॥੧ ॥
ਪਿਆਰੇ ! ਇਨ ਬਿਧਿ ਮਿਲਣੁ ਨ ਜਾਈ, ਮੈ ਕੀਏ ਕਰਮ ਅਨੇਕਾ ॥
ਹਾਰਿ ਪਰਿਓ ਸੁਆਮੀ ਕੈ ਦੁਆਰੈ-ਦੀਜੈ ਬੁਧ ਬਿਬੇਕਾ ॥ਰਹਾਉ ॥
ਮੋਨਿ ਭਇਓ ਕਰਪਾਤੀ ਰਹਿਓ- ਨਗਨ ਫਿਰਿਓ ਬਨ ਮਾਹੀ ॥
ਤਟ ਤੀਰਥ ਸਭ ਧਰਤੀ ਭ੍ਰਮਿਓ- 'ਦੁਬਿਧਾ' ਛੁਟਕੈ ਨਾਹੀ ॥੨ ॥
ਮਨ ਕਾਮਨਾ ਤੀਰਥ ਜਾਇ ਬਸਿਓ - ਸਿਰਿ ਕਰਵਤ ਧਰਾਏ ॥
ਮਨ ਕੀ ਮੈਲੁਨ ਉਤਰੈ ਇਹ ਬਿਧਿ - ਜੇ ਲਖ ਜਤਨ ਕਰਾਏ ॥੩ ॥
ਕਨਿਕ ਕਾਮਿਨੀ - ਹੈਵਰ ਗੈਵਰ ਬਹੁ ਬਿਧਿ ਦਾਨੁ ਦਾਤਾਰਾ ॥
ਅੰਨ ਬਸਤ੍ਰ - ਭੂਮਿ ਬਹੁ ਅਰਪੇ - ਨਹ ਮਿਲੀਐ ਹਰਿਦੁਆਰਾ ॥੪ ॥
ਪੂਜਾ-ਅਰਚਾ-ਬੰਧਨ-ਡੰਡਉਤ-ਖਟੁ ਕਰਮਾ-ਰਤੁ ਰਹਤਾ ॥
ਹਉ-ਹਉ ਕਰਤ ਬੰਧਨ ਮਹਿ ਪਰਿਆ - ਨਹ ਮਿਲੀ ਐ - ਇਹ ਜੁਗਤਾ ॥੫ ॥
ਜੋਗ-ਸਿਧ-ਆਸਣ ਚਉਰਾਸੀਹ-ਏ ਭੀ ਕਰਿ ਕਰਿ ਰਹਿਆ ॥
ਵਡੀ ਆਰਜਾ ਫਿਰਿ ਫਿਰਿ ਜਨਮੈ - ਹਰਿ ਸਿਉ ਸੰਗੁ ਨ ਗਹਿਆ ॥੬ ॥
ਰਾਜ ਲੀਲਾ-ਰਾਜਨ ਕੀ ਰਚਨਾ-ਕਰਿਆ ਹੁਕਮੁ ਅਫਾਰਾ ॥
ਸੇਜ ਸੋਹਨੀ-ਚੰਦਨ ਚੋਆ - ਨਰਕ ਘੋਰ ਕਾ ਦੁਆਰਾ ॥੭ ॥

**ਸ਼੍ਰੇਸ਼ਟ ਕਰਮ :**

"ਹਰਿ ਕੀਰਤਿ"- ਸਾਧ ਸੰਗਤਿ ਹੈ - ਸਿਰਿ ਕਰਮਨ ਕੇ ਕਰਮਾ ॥
ਕਹੁ ਨਾਨਕ-ਤਿਸੁ ਭਇਓ ਪਰਾਪਤਿ-ਜਿਸੁ 'ਪੁਰਬ' ਲਿਖੇ ਕਾ ਲਹਨਾ ॥੮ ॥

ਤੇਰੋ ਸੇਵਕੁ ਇਹ ਰੰਗਿ ਮਾਤਾ ॥ ਭਇਓ ਕ੍ਰਿਪਾਲੁ ਦੀਨ ਦੁਖ
ਭੰਜਨੁ "ਹਰਿ ਹਰਿ ਕੀਰਤਨਿ" ਇਹੁ ਮਨੁ ਰਾਤਾ ॥ ਰਹਾਉ ਦੂਜਾ ॥੧ ॥੩ ॥

ਉਪਰੋਕਤ ਮਹਾਂਵਾਕ ਤੋਂ ਜੀਵ ਪ੍ਰਤੀ ਕੋਈ ਭਲੇਖਾ ਨਹੀਂ ਰਹਿ ਜਾਂਦਾ ਪਾਠ ਪੜ੍ਹੇ ਵੇਦਾਂ, ਧਰਮ ਗ੍ਰੰਥਾਂ ਨੂੰ ਵਾਚਿਆ ਹਿੰਦੂ ਮਤ ਅਨੁਸਾਰ ਸਾਧੂਆਂ ਦੇ ਕਰਮ ਸਿਧੀਆਂ ਪ੍ਰਾਪਤ ਕਰਨ ਲਈ ਨਗਨ ਫਿਰਨ ਤੇ ਮੋਨ ਰਹਿਣ ਤੇ ਤੀਰਥਾਂ ਅਤੇ ਸਾਰੀ ਧਰਤੀ ਦਾ ਗਵਨ ਕਰਨ ਤੇ ਭੀ, ਇਹ ਭਾਵਨਾ ਕਿ ਤੀਰਥਾਂ ਤੇ ਵਸਨ ਨਾਲ ਹੀ ਮੁਕਤੀ ਮਿਲ ਜਾਵੇ, ਪਰ ਦੁਬਿਧਾ ਅੰਦਰੋਂ ਨਾ ਜਾਣ ਕਰਕੇ ਸਾਰੇ ਕਰਮ ਨਿਸਫਲ ਗਏ।

ਇਸਤਰੀ ਸੋਨੇ ਨਾਲ ਮੜ ਕੇ ਦਾਨ ਕਰਨਾ, ਕਲਵਡਕ 'ਤੇ ਚੜਨਾ, ਅੰਨ ਬਸਤ੍ਰ ਭੂਮਿ (ਧਰਤੀ) ਦਾਨ ਕਰਨ ਤੇ ਭੀ ਹਰੀਦੁਆਰ ਪ੍ਰਾਪਤ ਨਹੀਂ ਹੁੰਦਾ।

ਪੂਜਾ-ਅਰਚਨਾ ਦੇ ਬੰਧਨਾਂ ਵਿਚ ਕਰਮ ਕੀਤੇ ਡੰਡਉਤ ਬੰਧਨਾਂ, ਖਟੁ ਕਰਮ ਕੀਤੇ- ਪਰ ਇਹ ਸਾਰੇ ਕਰਮ ਕਰਨ ਤੇ ਜੀਵ ਅੰਦਰ ਹਉਮੈ ਦਾ ਨਾਸੂਰ ਫੁਟ ਖਲੋਤਾ ਕਿਉਂਕਿ "ਹਉਮੈ ਨਾਵੈ ਨਾਲ ਵਿਰੋਧ ਹੈ ਦੋਇ ਨ ਵਸਹਿ ਇਕ ਠਾਇ।" ਜਿਸ ਤੇ ਪ੍ਰਭੂ ਦਾ ਮਿਲਾਪ ਨਹੀਂ ਹੋ ਸਕਿਆ। ਚੌਰਾਸੀ ਆਸਨ ਜੋਗ ਦੇ ਸਿਧੀਆਂ ਲਈ ਕਰਨ ਤੇ ਸ੍ਵਾਸ ਦਸਮ ਦੁਆਰ ਚੜ੍ਹਾ ਕੇ ਵੱਡੀ ਆਰਜਾ ਕਰਨ ਤੇ ਭੀ ਅਤੇ ਰਾਜਿਆਂ ਦੇ ਸੁਖ ਸ੍ਵਾਦ ਜਿਨ੍ਹਾਂ ਕਰਕੇ ਮੁਕਤ ਦੁਆਰ ਦੀ ਬਜਾਏ ਨਰਕ ਦੁਆਰ ਮਿਲਿਆ।

ਸਤਿਗੁਰਾਂ ਦਾ ਕਲਿਜੁਗ ਵਿਚ ਕਰਨ ਵਾਲੇ ਕਰਮਾਂ ਦਾ ਫੁਰਮਾਨ ਕੇਵਲ, ਹਰੀ ਪ੍ਰਭੂ ਦੀ ਕੀਰਤੀ ਸਿਫਤ ਸਲਾਹ ਸਿਮਰਨ ਬੰਦਗੀ ਜੋ ਸਾਧ ਸੰਗਤ ਰਾਹੀਂ ਹੀ ਪ੍ਰਾਪਤ ਹੁੰਦੀ ਹੈ। ਜੋ ਕਲਗੀ ਧਰ ਜੀ ਨੇ ਖਾਲਸਾ ਜੀ ਨੂੰ "ਰਾਜ ਤੇ ਜੋਗ" ਬਖਸ਼ਸ਼ ਕੀਤਾ, ਉਸ 'ਜੋਗ' ਦੀ ਪ੍ਰਾਪਤੀ ਲਈ ਵਿਸਥਾਰ ਨਾਲ ਗੁਰਬਾਣੀ ਦੇ ਫੁਰਮਾਨ ਦਰਜ ਕੀਤੇ ਹਨ। 'ਜੋਗ' ਭਗਤੀ ਸਿਮਰਨ 'ਜੋਗ' ਲਛਨ ਅਰਥ ਵਾਚੀਏ :

੧. ਰਾਜ ਜੋਗ : ਰਾਜ ਕਰਦੇ ਹੋਇ-ਜੋਗ ਕਮਾਨਾ ਭਾਵ ਸੰਸਾਰਕ ਕਾਰ ਵਿਵਹਾਰ ਕਰਦੇ ਹੋਇ ਭੀ ਕਰਤਾਰ ਨਾਲ-ਸੁਰਤ-ਮਨ ਜੋੜਨਾ।

---

੧. ਸੰਕਲਪ : ਮਨ ਦਾ ਫੁਰਨਾ - ਮਨੋਰਥ-ਖਿਆਲ, ਪ੍ਰਤਿਗਯਾ

੨. ਵਿਕਲਪ : (ਦੋ ਖਿਆਲ) ਭਿੰਨ ਕਲਪਨਾ ਕਰਨੀ, ਸੰਦੇਹ-ਸ਼ੱਕ ਕਈ ਤਰ੍ਹਾਂ ਦੇ ਮਨਘੜਤ ਖਿਆਲ- ਜਿਸ ਦਾ ਜੀਵ ਨਾਲ ਕੋਈ ਸਬੰਧ ਨਹੀਂ, ਖਿਆਲੀ ਪਲਾਓ ਘੜੀ ਜਾਣੇ।

ਦੋ ਖਿਆਲ - ਇਹ ਜਾਂ ਓ ਕਰ!

"ਕੈ ਵਹ, ਕੈ ਯਹ ਕੀਜਿਯੇ-ਜਹਿ ਕਹਨਾਵਤ ਹੋਯ ॥
ਤਾਂਹਿ ਵਿਕਲਪ ਬਖਾਨਹੀਂ-ਭੂਸ਼ਨ ਕਵਿ ਸਭਕੋਯ ॥"

ਉਦਾਹਰਨਾ : ੧. ਧੂਮ੍ਰਨੈਨ ਗਿਰਿਰਾਜ ਤਟ-ਉਚੈ ਕਹੀ ਪੁਕਾਰ ॥
"ਕੈ" ਬਰ! ਸੁੰਭ ਨ੍ਰਿਪਾਲ ਕੋ "ਕੈਲਰ" ਚੰਡ ਸਭਾਰ ॥ (ਚੰਡੀ ੧)

੨. "ਕੈ" ਹਮ ਸੰਗ ਲਰੋ - ਤਜ 'ਕੈ' ਡਰ,
'ਕੈ' ਅਪਨੇ ਸਭ ਆਯੁਧ ਡਾਰੋ ॥

ਇਹ ਹਨ ਵਿਕਲਪ ਆਹ ਕਰ ਲੈ, (ਕ੍ਰਿਸ਼ਨਾਵਤਾਰ ਦਸਮ ਗ੍ਰੰਥ ੧੦)
ਜਾਂ ਉਹ ਕਰ ਲੈ (ਵਿਕਲਪ)



ਨਾਮਾ ਕਹੈ ਤਿਲੋਚਨਾ, ਮੁਖ ਤੇ ਰਾਮੁ ਸੰਮਾਲਿ ॥
ਹਾਥ-ਪਾਉ, ਕਰਿ ਕਾਮੁ ਸਭੁ-ਚੀਤ ਨਿਰੰਜਨ ਨਾਲਿ ॥੨੧੩ ॥
(ਸਲੋਕ ਕਬੀਰ ਜੀ ਪੰ : ੧੩੭੬)

੨. ਜੋਗ : ਯੋਗਤਾ ਅਨੁਸਾਰ-ਮਰਯਾਦਾ ਮੁਤਾਬਕ, ਮਨ ਦੀ ਬ੍ਰਿਤੀ ਦਾ ਨਿਰਵਿਕਲਪ ਹੋਣਾ, ਭਾਵ ਸੰਕਲਪ-ਵਿਕਲਪ ਨੂੰ ਕਾਬੂ ਕਰਕੇ-ਪ੍ਰਭੂ ਸਿਮਰਨ ਕਰਨਾ। ਪਰ ਗੁਰੂ ਕ੍ਰਿਪਾ ਨਾਲ ਇਹ ਅਵਸਥਾ ਪ੍ਰਾਪਤ ਹੁੰਦੀ ਹੈ।

੧. ਤੂੰ ਗੁਰਪ੍ਰਸਾਦਿ- ਕਰਿ 'ਰਾਜ-ਜੋਗੁ' ॥੧ ॥ (ਗਉੜੀ ਮ: ੫- ਪੰਨਾ ੨੧੧)

੩. ਜੋਤਸ਼ ਮੱਤ : ਜੋਤਸ਼ ਮੱਤ ਅਨੁਸਾਰ-ਰਾਜ ਦੀ ਪ੍ਰਾਪਤੀ, ਜਨਮ ਸਮੇਂ ਦੇ ਗ੍ਰਹਿਾਂ ਦਾ ਇਕ ਅਜੇਹਾ ਜੋੜ ਤੋਂ ਰਾਜ ਦੀ ਪ੍ਰਾਪਤੀ ਹੁੰਦੀ ਹੈ - ਪ੍ਰੰਤੂ ਕਲਗੀਧਰ ਨੇ ਖਾਲਸਾ ਨੂੰ 'ਰਾਜ' ਲਈ ਕ੍ਰਿਪਾਨ ਸ਼ਸ਼ਤ੍ਰ ਪਰਧਾਨ ਕਰਕੇ ਰਾਜ ਤੇ ਜੋਗ ਬਖਸ਼ਸ਼ ਕੀਤਾ ਹੈ।

**ਅਰਥਾਤ 'ਰਾਜ' ਜੋਤਸ਼ ਮੁਤਾਬਕ**

੧. ਕਰਕ ਲਗਨ ਵਿਚ ਬ੍ਰਹਸਪਤ ਗਿਆਰਵੇਂ ਅਸਥਾਨ ਹੋਵੈ।
੨. ਬ੍ਰਿਖ ਦਾ ਚੰਦ੍ਰਮਾ ਨਾਲ ਮਿਲਾਪ।
੩. ਸ਼ੁਕਰ ਅਤੇ ਬੁੱਧ, ਦਸਵੇਂ ਅਸਥਾਲ ਵਿਚ ਇਕੱਠੇ ਹੋਵਨ।
੪. ਮੇਖ ਦਾ ਸੂਰਜ ਇਕੱਠੇ ਹੋਵਨ ਤੇ।
੫. ਮਕਰ ਲਗਨ ਵਿਚ ਸ਼ਨੀ ਦਾ ਪ੍ਰਵੇਸ਼।

ਇਸ ਤਰ੍ਹਾਂ ਮੇਖ ਦਾ ਮੰਗਲ - ਕਰਕ ਦਾ ਚੰਦ੍ਰਮਾ,
ਸਿੰਘ ਦਾ ਸੂਰਜ-ਮਿਥਨ ਦਾ ਬੁੱਧ, ਤੁਲਾ ਦਾ ਸ਼ੁਕਰ,
ਕਨਯਾ ਦਾ ਬੁੱਧ ਲਗਨ ਦਸਵੇਂ ਥਾਂਵੇ।
ਸ਼ੁਕਰ ਸਤਵੇਂ -ਬ੍ਰਹਸਪਤਿ ਅਤੇ ਚੰਦ੍ਰਮਾ ਪੰਜਵੇਂ, ਮੰਗਲ ਅਤੇ ਛਨੀ।
ਇਉਂ ਹਰ ਰਾਸ਼ੀ ਵਾਲੇ ਦੇ "ਰਾਜ" ਦੇ ਜੋਗ ਲਛਨ ਹਨ।
(ਮਹਾਨ ਕੋਸ਼ ਪੰਨਾ ੧੦੨੯)

ਪ੍ਰੰਤੂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਮਿਸ਼ਨ ਇਹਨਾਂ ਨੂੰ ਖੰਡਨ ਕਰਦਾ ਹੈ :-

ਸਗੁਨ - ਅਪਸਗੁਨ ਤਿਸ ਕਉ ਲਗਹਿ,
ਜਿਸੁ ਚੀਤਿ ਨ ਆਵੈ ॥
ਤਿਸੁ ਜਮੁ ਨੇੜਿ ਨ ਆਵਈ
ਜੋ ਹਰਿ ਪ੍ਰਭ ਭਾਵੈ ॥
ਪੁੰਨ-ਦਾਨ, ਜਪ ਤਪ ਜੇਤੈ,
ਸਭ ਊਪਰਿ "ਨਾਮ" ॥
ਹਰਿ ਹਰਿ ਰਸਨਾ ਜੋ ਜਪੈ,
ਤਿਸੁ ਪੂਰਨ ਕਾਮ ॥੩ ॥ (ਆਸਾ ਮ: ੫ - ਪੰਨਾ ੪੦੧)

**ਜੋਗ ਪਦ ਦੇ ਸਾਧਨ :**
(੧) ਅਸ਼ਟਾਂਗ
(੨) ਸਹਿਜ ਜੋਗ
(੩) ਹੱਠ ਜੋਗ
(੪) ਖਟ ਕਰਮ

**ਵਿਆਖਿਆ :**

ਅਸ਼ਟਾਂਗ : ਯੋਗ ਕ੍ਰਿਆ ਦੇ ਅੱਠ ਅੰਗ ਹਨ, ਭਗਤੀ ਦੇ ਯੋਗ ਸਾਧਨ ਇਸ ਪ੍ਰਕਾਰ ਯੋਗੀਆਂ ਨਿਸ਼ਚਿਤ ਕੀਤੇ ਹਨ।

੧. ਯਮ
੨. ਨਿਯਮ
੩. ਆਸਨ
੪. ਪ੍ਰਾਣਾਯਾਮ
੫. ਪ੍ਰਤਯਾਹਾਰ (ਝੇੜਾ ਖਾਨਾ)
੬. ਧਾਰਣਾ
੭. ਧਯਾਨ
੮. ਸਮਾਧਿ

ਉਪਰੋਕਤ ਅਸ਼ਟਾਂਗ ਕਰਮ 'ਵਾਹਿਗੁਰ' ਸਿਮਰਨ ਅਭਿਆਸੀ ਪੁਰਸ਼ ਦੇ ਕਰਨ ਯੋਗ ਹਨ

**੧. ਯਮ :**
(ੳ) ਅਹਿੰਸਾ (ਜੀਵਾਂ ਨੂੰ ਮਾਰਨਾ, ਅਤੇ ਦੁਖਾਉਣ ਦਾ ਤਯਾਗ)
(ਅ) ਸਤੱਯ (ਸੱਚ) - ਝੂਠ ਤਿਆਗ ਦਾ ਵਰਤ ਰਖਣਾ,
(ੲ) ਅਸ੍ਤੇਯ - (ਚੋਰੀ ਦਾ ਤਿਆਗ)
(ਸ) ਬ੍ਰਹਮਚਰਯ - ਜੱਤ-ਸੱਤ ਰੱਖ ਕੇ ਸਿਮਰਨ ਭਗਤੀ ਦੇ ਮਾਰਗ ਦਰਸ਼ਣ ਲਈ ਗੁਰਮਤਿ ਵਿਦਿਆ ਦਾ ਅਭਿਆਸ (ਭਾਵ ਗੁਰਬਾਣੀ ਦਾ ਪੜ੍ਹਨਾ)
(ਹ) ਅਪਰਿਗ੍ਰਹ - ਧਨ ਆਦਿ ਜੋੜਨ ਦਾ ਤਿਆਗ - ਪਰ ਗ੍ਰਹਿ ਦੀ ਝਾਕ ਦਾ ਤਿਆਗ।

**੨. ਨਿਯਮ :**
(ੳ) ਸੋਚ (ਪਵਿਤ੍ਰ)
(ਅ) ਸੰਤੋਖ (ਸਬਰ)
(ੲ) ਤਪ - (ਸੁਖ-ਦੁਖ ਆਦਿ ਵਿਚ ਤਪ ਦਾ ਤਿਆਗ ਨ ਕਰੇ)
(ਸ) ਦੁੰਦਾ (ਦੰਦ੍ਵ) ਦੇ ਵਸਤੂਆਂ ਦਾ ਜੋੜਾ, ਜਿਹੜਾ ਕਿ ਨਰ-ਨਾਰੀ, ਰਾਤ-ਦਿਨ, ਅੰਧੇਰਾ-ਚਾਨਣਾ, ਦੁਖ-ਸੁਖ, ਗਰਮੀ-ਸਰਦੀ ਆਦਿ ਨੂੰ ਸਮਭਾਵ ਨਾਲ ਸਹਿਣ ਕਰਨਾ। (ਮਹਾਨ ਕੋਸ਼ ਪੰਨਾ 1007)



**੩. ਆਸਨ :**
੧. ਭਗਤੀ ਕਰਨ ਸਮੇਂ (ਇਸਥਿਤਿ ਹੋ ਬੈਠਨਾ)
੨. ਬੈਠਣ ਦਾ ਆਸਨ ਸਵੱਛ ਹੋਵੇ (ਜਿਸ ਨੂੰ ਵਿਛਾਕੇ ਬੈਠ ਕੇ ਸਿਮਰਨ ਮੂਲ ਮੰਤ੍ਰ ਦਾ ਜਾਪ ਕਰੇ)
੩. ਆਸਨ ਇਕ ਥਾਵੇਂ ਹੀ ਰੱਖੇ, ਥਾਂ-ਥਾਂ ਨਾ ਬਦਲੇ
੪. ਜਪ ਕਰਨ ਸਮੇਂ - ਧੂਪ-ਦੀਪ-ਜਲ ਪਾਸ ਰਖੇ, ਦੀਪ (ਜੋਤ) ਜੋ ਰੋਜ਼ਾਨਾ ਜਗਾਨ ਦੀ ਸਮਰਥਾ ਨਾ ਹੋਵੇ (ਸਵੱਛ ਘੀ ਦੇਸੀ) ਤਾਂ ਜਲ-ਧੂਪ ਜ਼ਰੂਰ ਰੱਖੇ, ਸਿਮਰਨ ਕਰਨ ਸਮੇਂ ਪਹਿਲਾਂ ਅਰਦਾਸ ਕਰੋ ਤੇ ਸਿਮਰਨ ਉਪਰੰਤ ਉਠਨ ਤੇ ਭੀ ਅਰਦਾਸ ਕਰੋ। ਇਹ ਗੁਰਮਤ ਨਿਯਮ ਹਨ।
੫. ਯੋਗ ਦੇ ਇਹ ਅੰਗ ਹਨ (ਭਾਗ ਭਗਤ - ਜੋਗ) ਕਮਾਣ ਲਈ ਜ਼ਰੂਰੀ ਵਸਤੂ - ਜਿਸ ਅਨੁਸਾਰ ਅਭਿਆਸੀ ਆਪਣੀ ਬੈਠਕ ਸਾਧਦੇ ਹਨ।
੬. ਹਰ ਰੋਜ਼ ਹੋ ਸਕੇ ਤਾਂ ਕੇਸੀ ਇਸਨਾਨ ਕਰਕੇ ਅਭਿਆਸੀ ਸਿਮਰਨ ਜਾਪ (ਵਾਹਿਗੁਰੂ) ਕਰਨ ਸਮੇਂ ਸਵੱਛ ਬਸਤ੍ਰ ਪਹਿਣੇ, ਟੱਟੀ-ਪਿਸਾਬ ਵਾਲੇ ਬਸਤ੍ਰ ਨਾ ਪਹਿਣੇ।
ਯੋਗ ਸ਼ਾਸ਼ਤ੍ਰ ਵਿਚ ੮੪ ਆਸਨ (ਪਸ਼ੂ-ਪੰਛੀਆਂ ਦੇ ਨਿਸ਼ਚਿਤ ਅਤੇ ਵਸਤੂਆਂ ਦੇ ਅਧਾਰ ਤੋਂ ਲਏ ਗਏ ਹੋਏ ਹਨ)

**੪. ਪ੍ਰਾਣਾਯਾਮ :**
ਯੋਗ ਦਾ ਚੌਥਾ ਅੰਗ, ਜੋਗ ਸ਼ਾਸ਼ਤ੍ਰ ਵਿਚ ਸ੍ਵਾਸ ਦੇ ਅੰਦਰ-ਬਾਹਰ ਆਉਣ ਦੀ ਚਾਲ ਨੂੰ, ਆਪਣੇ ਵਸ ਕਰਨਾ ਪ੍ਰਾਣਾਯਾਮ ਹੈ :-
ਅਤ੍ਰਿ ਰਿਖੀ ਲਿਖਦਾ ਹੈ ਕਿ ਪ੍ਰਾਣ ਰੋਕ ਕੇ :
"ਓਅੰ ਭੂਰ ਭੁਵਹ ਸੁ:"
ਸਹਿਤ ਤਿੰਨ ਵਾਰੀ ਗਾਯਤ੍ਰੀ ਦਾ ਜਪ ਕਰਨਾ ਪ੍ਰਾਣਾਯਾਮ ਹੈ
(ਮਹਾਨ ਕੋਸ਼ ਪੰਨਾ 804)

ਗੁਰਮਤ ਅਨੁਸਾਰ 'ਵਾਹਿਗੁਰੂ' ਸ਼ਬਦ ਸਵਾਸਾਂ ਦਾ ਸਿਮਰਨ ਹੈ - ਅਗੇ ਵਿਸਥਾਰ ਹੈ

**੫. ਪ੍ਰਤਯਾਹਾਰ : ਯੋਗ ਦਾ ਪੰਜਵਾਂ ਅੰਗ -**
ਭਾਵ ਇੰਦ੍ਰੀਆਂ ਨੂੰ ਵਿਸ਼ਿਆਂ ਤੋਂ ਰੋਕ ਕੇ ਸ਼ਾਂਤ ਕਰਨਾ।
(ਮਹਾਨ ਕੋਸ਼ ਪੰਨਾ ੮੦੦)

**੬. ਧਾਰਣਾ : ਸ਼ੰਗਯਾ -**
(੧) ਧਾਰਣ ਕਰਨ ਦੀ ਕ੍ਰਿਆ
ਗੁਰਬਾਣੀ "ਸਗਲ ਤੁਮਾਰੀ ਧਾਰਣਾ' (ਮਾਰੂ ਸੋਹਲੇ ਮ: ੫)
(੨) ਅੰਤਹਕਰਣ ਦੀ ਉਹ ਬ੍ਰਿਤਿ, ਜੋ ਬਾਤ ਨੂੰ ਧਾਰਨ ਕਰਦੀ ਹੈ "ਭਾਵ ਸਮਝ"

(੩) ਦ੍ਰਿੜ੍ਹ ਨਿਸ਼ਚਾ

(੪) ਯੋਗ ਮਤ ਅਨੁਸਾਰ, ਮਨ ਦੀ ਉਹ ਟਿਕੀ ਹੋਈ ਹਾਲਤ (ਸੁਰਤ) ਜਿਸ ਵਿਚ ਹੋਰ ਸਾਰੇ ਭਾਵ ਭੁੱਲ ਕੇ ਕੇਵਲ 'ਬ੍ਰਹਮ' ਪ੍ਰਭੂ ਦਾ ਧਯਾਨ ਰਹਿੰਦਾ ਹੈ।

(ਮਹਾਨ ਕੋਸ਼ ਪੰ: ੯੯੯)

**੭. ਧਯਾਣ :**

ਸੋਚ-ਵਿਚਾਰ ਕਿਸੇ ਵਸਤੂ ਵਿਚ ਬ੍ਰਿਤਿ ਦਾ ਲਿਵਲੀਨ ਹੋਣਾ, ਚਾਰੇ ਪਾਸਿਉਂ ਮਨ ਨੂੰ ਰੋਕ ਕੇ, ਇਕ ਵਿਸ਼ਯ (ਸਿਮਰਨ) ਤੇ ਟਿਕਾਉਣ ਦੀ ਕ੍ਰਿਆ।

ਗੁਰਬਾਣੀ -

੧. ਸੁਣਿਐ - ਲਾਗੈ ਸਹਜਿ ਧਿਆਨੁ (ਜਪੁ ਸਾਹਿਬ)

੨. ਧਿਆਨੀ - ਧਿਆਨ ਲਾਵਹਿ। (ਸ੍ਰੀ ਰਾਗ ਮ: ੫-੭੧)

ਅੰਤਸ਼ਹ ਕਰਨ ਵਿਚ ਕਿਸੇ ਵਸਤੂ ਦਾ ਪ੍ਰਤੱਖ ਭਾਵ (ਖਿਆਲ ਚਿੰਤਨ)

(ਮਹਾਨ ਕੋਸ਼ ਪੰ.)

**੮. ਸਮਾਧਿ :**

੧. ਸੰ. ਸੰਗਯਾ - ਸਮ੍ਯ-ਆ-ਧੀ, ਚੰਗੀ ਤਰ੍ਹਾਂ ਚਿੱਤ ਦੇ ਠਹਿਰਾਉਣ ਦੀ ਕ੍ਰਿਆ।

੨. ਅੰਤਸ਼ਹ ਕਰਨ ਦਾ ਧੇਯਯ ਵਿਚ ਲਿਵ ਲੀਣ ਹੋਣਾ।

ਭਾਵ ਜਿਸ ਦੀ ਅਰਧਾਨਾ ਕਰਦਾ ਹੈ ਉਸ ਸਰੂਪ ਵਿਚ ਲੀਣ ਹੋਣਾ॥

(ਮਹਾਨ ਕੋਸ਼ ਪੰ. ੧੬੦)

ਜਿਵੇਂ ਦਸਮੇਸ਼ ਜੀ ਨੇ ਬਚਿਤ੍ਰ ਨਾਟਕ-ਦਸਮ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਫੁਰਮਾਇਆ ਕਿ ਇਤਨੀ ਘੋਰ ਤਪਸਿਆ 'ਹੇਮ ਕੁੰਟ' ਤੇ ਕੀਤੀ :

ਸਪਤ ਸ੍ਰਿੰਗ ਹਿਤ ਨਾਮ ਕਹਾਵਾ। ਪੰਡੁ ਰਾਜ ਜਿਹ ਜੋਗੁ ਕਮਾਵਾ॥
ਤਹ ਹਮ ਅਧਿਕ ਤਪੱਸਿਆ ਸਾਧੀ॥* ਮਹਾਕਾਲ-ਕਾਲਿਕਾ ਅਰਾਧੀ॥੨॥
ਇਹ ਬਿਧਿ ਕਰਤ ਤਪੱਸਿਆ ਭਯੋ॥
ਦ੍ਵੈ ਤੇ ਏਕ ਰੂਪ ਹ੍ਵੈ ਗਯੋ॥

---

* ਕਾਵ ਰਚਨਾ ਦੇ ਅਰਥ ਸਮਝਣ ਲਈ ਤੁਕ ਨੂੰ ਅਗੇ-ਪਿਛੇ ਕਰਨ ਨਾਲ ਸ਼ੁਧ ਅਰਥ ਬਣਦੇ ਹਨ। ਆਮ ਤੌਰ 'ਤੇ ਪ੍ਰੇਮੀਜਨ, ਇਸ ਪਾਠ ਨੂੰ "ਮਹਾ ਕਾਲ - "ਕਾਲਕਾ" ਅਰਾਧੀ" ਅਰਾਧੀ ਇਸਤ੍ਰੀ ਲਿੰਗ ਵਾਚਕ ਜਾਣ ਕੇ ਭੁਲੇਖਾ ਖਾ ਜਾਂਦੇ ਹਨ ਕਿ ਕਲਗੀਧਰ ਨੇ "ਕਾਲਕਾ" ਦੀ ਅਰਾਧਨਾ ਕੀਤੀ? ਜੇ ਦਸਮ ਗ੍ਰੰਥ ਦਾ ਅਧਿਯਾਨ ਕਰੀਏ ਤਾਂ ਬਚਿਤ੍ਰ ਨਾਟਕ ਦੇ ਛੇਵੇਂ ਧਿਆਏ ਵਿਚ ਸਪਸ਼ਟ ਕਰਦੇ ਹਨ : *'ਭਜੋਂ ਸੁ ਏਕ ਨਾਮਯੰ॥ ਜੁ ਕਾਮ ਸਰਬ ਠਾਮਯੰ॥ ਨ ਜਾਪ, ਆਨ ਕੋ ਜਪੋ॥ ਨ ਅਉਰ ਥਾਪਨਾ ਥਪੋ॥੩੭॥ ਬਿਅੰਤ ਨਾਮ ਧਿਆਇ ਹੋਂ॥ ਪਰਮ ਜੋਤਿ ਪਾਇ ਹੋਂ॥ ਨ ਧਿਆਨ-ਆਨ ਕੋ ਧਰੋਂ, ਨਾ ਨਾਮ ਆਲ ਉਚਰੋਂ॥੩੮॥"* ਚੌਪਈ ਵਿਚ ਰੋਜ਼ ਪੜ੍ਹਦੇ ਹਾਂ : ਮੈ ਨ ਗਨੇਸਹਿ ਪ੍ਰਿਥਮ ਮਨਾਊ॥ ਕਿਸਨ-ਬਿਸਨ ਕਬਹੂੰ ਨਹਿ ਧਿਆਊਂ॥ ..ਮਹਾਕਾਲ ਰਖਵਾਰ ਹਮਾਰੋ॥ ਮਹਾਂ ਲੋਹ, ਮੈ ਕਿੰਕਰ ਥਾਰੋ॥

੨. ਆਦਿ ਅੰਤਿ ਏਕੈ ਅਵਤਾਰਾ॥ ਸੋਈ ਗੁਰੂ ਸਮਝਿ ਯਹੁ ਹਮਾਰਾ॥੯॥

ਦਸ਼ਮੇਸ਼ ਜੀ ਦੇ ਕਥਨ ਮੁਤਾਬਕ : *"ਮਹਾਕਾਲ ਰਖਵਾਰ ਹਮਾਰੋ"* ਪਾਠ ਦੀ ਸ਼ੁਧਤਾ ਤੇ ਅਰਥ ਸਪਸ਼ਟ ਹੋ ਜਾਂਦੇ ਹਨ।

(ਅਗਲੇ ਪੰਨੇ 'ਤੇ)



ਇਹ ਹੈ ਸਮਾਧਿ ਅਸਬ੍ਰਿਤਾ ਕਿ ਜਿਸ ਦਾ ਧਿਆਨ ਧਰ ਕੇ ਸਿਮਰਨ ਜੀਵ ਕਰੇ, ਉਸ ਵਿਚ ਲੀਣ ਹੋ ਜਾਵੈ।

੮. ਹੱਠ ਯੋਗ : ਸੰਗਯਾ : ਹੱਠ ਨਾਲ ਸਿੱਧ ਹੋਣ ਵਾਲਾ ਯੋਗ :

੧. ਹੱਠ ਯੋਗ, ਪ੍ਰਦੀਪਿਕਾ ਵਿਚ ਲਿਖਿਆ ਹੈ ਕਿ

"ਹ" ਸੂਰਜ "ਠ" ਚੰਦ੍ਰਮਾ

ਇਹਨਾਂ ਦੋਹਾਂ ਦਾ ਯੋਗ ਸਬੰਧ ਕਰਨਾ ਹੱਠਯੋਗ ਹੈ। ਹੱਠ ਕਰਕੇ ਕਰਮ- ਪ੍ਰਭੂ ਪ੍ਰਾਪਤੀ ਜਾਂ ਸੰਸਾਰ ਵਿਖਾਵੈ ਲਈ ਕਰਮ ਕਰਨੇ, ਅੰਨ ਨਾ ਖਾਣਾ, ਪੈਰੀ ਜੁਤੀ ਨਾ ਪਾਣੀ, ਬਸਤ੍ਰ ਨਾ ਪਹਿਨਣੇ ਨਗਨ ਫਿਰਨਾ- ਮੋਨੀ ਹੋਣਾ, ਹੋਰ ਭੀ ਹਠ ਕਰਮ ਲੋਕ ਵਖਾਵਦੇ ਹਨ : ਧੂੰਣੀਆ ਤਪਾ ਕੇ ਵਿਚ ਬੈਠਨਾ, ਸਿਰ ਤੇ ਘੜੇ ਪਾਣੀ ਪਵਾਈ ਜਾਣੇ, ਕੋਲਿਆ-ਕੰਡਿਆ ਤੇ ਲੇਟਣਾ, ਇਹ ਸਭ ਪ੍ਰਭੂ ਭਗਤੀ ਲਈ ਕਰਮ ਨਹੀਂ? ਲੋਕ ਵਖਾਵਾ-ਸਿਧੀਆਂ ਦਾ ਪ੍ਰਯੋਗ ਕਰ ਭਰਮਾਨ ਦੇ ਕਰਮ ਹਨ।

ਫੈਸਲਾ ਗੁਰਬਾਣੀ - "ਕਿਉ ਗੁਰ ਬਿਨਸੂਤਾ"

ਹਾਂ ਹੱਠ ਭਾਵ ਦ੍ਰਿੜ ਇਰਾਦੇ ਨਾਲ 'ਵਾਹਿਗੁਰੂ' ਗੁਰ ਮੰਤਰ ਨੂੰ ਗੁਰਬਾਣੀ ਦੇ ਦਰਸਾਏ ਮਾਰਗ 'ਤੇ ਚੱਲ ਕੇ ਇੜਾ-ਪਿੰਗਲਾ-ਸੁਖਮਨਾ ਨੂੰ ਸੁਰਤ ਤੇ ਸ਼ਬਦ ਰਾਹੀਂ ਜੋੜਨਾ -ਹਠ ਕਰਮ ਸਫਲ ਹੈ-

ਗੁਰਸਿੱਖ, 'ਵਾਹਿਗੁਰੂ' ਗੁਰ ਮੰਤ੍ਰ (ਸਿਮਰਨ) ਜਪਣ ਦੀ ਯੁਕਤੀ (ਬਿਧੀ) ਸਮਝ ਸਕਦੇ ਹਨ, ਇੜਾ-ਪਿੰਗੁਲਾ ਤੇ ਸੁਖਮਨਾ ਕੀ ਹੈ :

ਪਰ ਹੱਠ ਯੋਗ ਨਾਲ ਕੀਤੇ ਕਰਮ ਗੁਰਮਤਿ ਅਨੁਸਾਰ ਵਿਵਰਜੱਤ ਹਨ :

ਹਠੁ ਕਰਿ ਮਰੈ - ਨ ਲੇਖੈ ਪਾਵੈ॥
ਵੇਸ ਕਰੈ - ਬਹੁ ਭਸਮੁ ਲਗਾਵੈ॥
ਨਾਮੁ ਬਿਸਾਰਿ ਬਹੁਰਿ ਪਛਤਾਵੈ॥੧॥ (ਗਉੜੀ ਮ: ੧ ਪੰਨਾ ੨੨੯)

---

ਸ਼ੁਧ ਪਾਠ : 'ਮਹਾਂਕਾਲ-ਕਾਲ-ਕਾ ਅਰਾਧੀ॥'

ਅਰਥ : ਕਾਲਾ ਕਾ (ਕਾਲ ਨੂੰ ਭੀ ਲੈ ਕਰਨ ਵਾਲੀ ਮਹਾਨ ਸ਼ਕਤੀ) "ਮਹਾਂਕਾਲ" (ਪ੍ਰਮੇਸ਼ੁਰ) ਦੀ ਅਰਾਧਨਾ ਕੀਤੀ। ਭਾਵ ਕਾਲ ਜੋ ਸਭ ਸ੍ਰਿਸ਼ਟੀ ਦੇ ਲੈ ਕਰਤਾ ਮੰਨਿਆ ਹੈ, ਉਸ ਕਾਲ ਨੂੰ ਭੀ-ਪਰਲੈ ਸਮੇਂ ਸਮੇਟ ਦੇਂਦਾ ਹੈ, ਕੌਣ 'ਮਹਾਂਕਾਲ'। ਪਿਛੇ ਪੜ੍ਹ ਆਏ ਹਾਂ ਕਿ ੩੬ ਜੁਗ ਦੀ ਚੌਂਕੜੀ ਉਪਰੰਤ ਪ੍ਰਭੂ ਸਭ ਨੂੰ ਸਮੇਟ ਕੇ ੩੬ ਜੁਗ ਸੁੰਨ-ਸਮਾਧੀ ਹੋ ਕੇ ਬੈਠਾ ਰਹਿੰਦਾ ਹੈ। ਫਿਰ ਸਤਿਗੁਰੂ ਜੀ ਫੁਰਮਾ ਰਹੇ ਹਨ ਕਿ ਮੈਂ ਅਕਾਲ ਪੁਰਖ ਦੀ ਇਤਨੀ ਭਗਤੀ ਕੀਤੀ ਕਿ - "ਦ੍ਵੈ ਤੇ ਏਕ ਰੂਪ ਹ੍ਵੈ ਗਯੋ॥" ਫਿਰ ਪ੍ਰਭੂ ਨੇ ਜਦੋਂ ਮੈਨੂੰ ਆਇਸ (ਹੁਕਮ) ਕੀਤਾ ਤਾਂ ਮੈਂ ਕਲਿਜੁਗ ਵਿਚ ਜਨਮ ਲਿਆ। ਸਪਸ਼ਟ ਹੋਇਆ ਕਿ ਦਸ਼ਮੇਸ਼ ਜੀ ਨੇ 'ਕਾਲਕਾ' ਚੰਡੀ ਦੀ ਅਰਾਧਨਾ ਨਹੀਂ ਕੀਤੀ ਸਗੋਂ ਕਾਲ ਬਾਰੇ ਉਪਰ ਸ੍ਵਯਾ ਪੜ੍ਹ ਆਇ ਹੋ ਕਿ "ਅਉਰ ਸੋ ਕਾਲ-ਸਭੈ ਬਸ ਕਾਲ ਕੇ-ਏਕ ਹੀ ਕਾਲ 'ਅਕਾਲ' ਸਦਾ ਹੈ"॥ ਕਲਗੀਧਰ ਨੇ ਅਕਾਲ ਪੁਰਖ ਦੀ ਅਰਾਧਨਾ ਕੀਤੀ ਹੈ। ਇਕ ਸਮੇਂ ਯੂਨੀਵਰਸਿਟੀ ਪਟਿਆਲਾ ਦੇ ਪ੍ਰੋਫੈਸਰ ਇਸੇ ਦਾ ਨਿਰਨਾ ਕਰਨ, ਸਿੰਘ ਸਾਹਿਬ ਜਥੇਦਾਰ ਬਾਬਾ ਸੰਤਾ ਸਿੰਘ ਜੀ ਅਕਾਲੀ ਬੁੱਢਾ ਦਲ, ਪਾਸ ਪਟਿਆਲੇ ਆ ਪ੍ਰਸ਼ਨ ਕੀਤਾ, ਜਥੇਦਾਰ ਸਾਹਿਬ ਜੀ ਨੇ ਦਾਸ ਪਾਸ ਭੇਜ ਦਿੱਤਾ, ਦਾਸ ਨੇ ਕਿਹਾ ਪਾਠ ਸ਼ੁੱਧ ਪੜ੍ਹ ਕੇ ਅਰਥ ਆਪੇ ਸਪਸ਼ਟ ਹੋ ਜਾਣਗੇ, ਜਦ ਨਖੇੜ ਕੇ "ਮਹਾਕਾਲ ਕਾਲਿ ਕਾ ਅਰਾਧੀ" ਪਾਠ ਪੜ੍ਹਿਆ, ਬੜੇ ਹੈਰਾਨ ਹੋਏ ਅਸੀਂ ਐਵੇਂ ਭੁਲੇਖੇ ਵਿਚ ਪੈ ਰਹੇ।

ਇੜਾ-ਪਿੰਗੁਲਾ ਗੁਰਬਾਣੀ ਦੇ ਫ਼ੁਰਮਾਨ :

੧. ਇੜਾ ਪਿੰਗੁਲਾ ਅਉਰ ਸੁਖਮਨਾ, ਤੀਨਿ ਬਸਹਿ ਇਕ ਠਾਈ ॥
ਬੇਣੀ ਸੰਗਮੁ - ਤਹ ਪਿਰਾਗੁ ਮਨੁ - ਮਜਨ ਕਰੇ ਤਿਥਾਈ ॥੧ ॥
(ਰਾਮਕਲੀ ਭਗਤ ਬੇਣੀ ਜੀ ਪੰਨਾ ੯੭੪)

੨. ਜਹ ਕਛੁ ਅਹਾ-ਤਹਾ ਕਿਛੁ ਨਾਹੀ,
ਪੰਚ ਤਤੁ ਤਹ ਨਾਹੀ ॥
ਇੜਾ-ਪਿੰਗੁਲਾ-ਸੁਖਮਨਾ ਬੰਦੇ,
ਏ ਅਵਗਨ ਕਤ ਜਾਹੀ ॥੧ ॥ (ਗਉੜੀ ਪੁਰਬੀ ਕਬੀਰ ਜੀ ਪੰ. ੩੩੪)

੩. ਭਾਈ ਗੁਰਦਾਸ ਜੀ
ਇੜਾ-ਪਿੰਗੁਲਾ-ਸੁਖਮਨਾ ਲੰਘ,
ਤ੍ਰਿਬੇਣੀ-ਨਿਜ ਘਰਿ ਆਵੈ ॥ (ਵਾਰ ੯, ਪਉੜੀ ੧੧)

ਭਾਈ ਗੁਰਦਾਸ ਜੀ ਦੇ ਕਥਨ ਮੁਤਾਬਕ ਗੁਰਸਿੱਖ ਦਾ ਮਾਰਗ ਇਹ ਹੈ :

੧. ਬ੍ਰਹਮਾ-ਬਿਸਨ-ਮਹੇਸ, ਤ੍ਰੈਲੋਕ-ਵੇਦ ਗੁਣ ਗਿਆਨ ਲੰਘਾਏ ॥
੨. ਭੂਤ-ਭਵਿਖਹੁ-ਵਰਤਮਾਨ ਆਦਿ- ਮਧਿ-ਜਿਣਿ-ਅੰਤ, ਸਿਧਾਏ ॥
੩. ਮਨ-ਬਚ-ਕਰਮ, ਇਕਤ੍ਰ ਕਰਿ, ਜੰਮਣ-ਮਰਣ, ਜੀਵਣ, ਜਿਣਿ ਆਏ ॥
੪. ਆਧਿ-ਬਿਆਧਿ-ਉਪਾਧਿ, ਸੁਰਗ-ਮਿਰਤ-ਪਤਾਲ ਨਿਵਾਏ ॥
੫. ਉਤਮ-ਮਧਮ-ਨੀਚ ਸਾਧਿ, ਬਾਲਕ-ਜੋਬਨ-ਬਿਰਧਿ ਜਿਣਾਏ ॥
੬. ਇੜਾ-ਪਿੰਗੁਲਾ-ਸੁਖਮਨਾ, ਤ੍ਰਿਕੁਟੀ ਲੰਘਿ ਤ੍ਰਿਬੇਣੀ ਨ੍ਹਾਏ ॥
੭. ਗੁਰਮੁਖਿ-ਇਕਮਨਿ-ਇਕੁ ਧਿਆਏ ॥੩ ॥ (ਵਾਰ ੭)

ਪਾਠਕ ਜਨ! ਵਿਚਾਰਨਗੇ- ਕਿ ਇਤਹਾਸ 'ਕ੍ਰਿਪਾਨ ਇਸ਼ਟ' ਤੇ ਇਤਨਾ ਵਿਸਥਾਰ ਇੜਾ-ਪਿੰਗਲਾ- ਪ੍ਰੇਮੀ ਜਨੋ! ਖਾਲਸਾ 'ਰਾਜ-ਜੋਗ' ਦਾ ਧਾਰਨੀ ਹੈ- ਰਾਜ ਵਾਸਤੇ, ਜੋਗ ਰਾਹੀਂ ਸ਼ਕਤ ਪ੍ਰਾਪਤ ਕਰਨ ਦੇ ਨਿਯਮ ਨੂੰ ਸਮਝਨਾ ਅਤੀ ਜ਼ਰੂਰੀ ਹੈ। ਜੇ ਅਸੀਂ ਗੁਰਮਤਿ ਅਨੁਸਾਰ 'ਵਾਹਿਗੁਰੂ' ਸਿਮਰਨ ਦੀ ਯੁਕਤੀ ਦੀ ਜਾਣਕਾਰੀ ਸਮਝਨ ਕਰੀਏ। ਜੋ ਅਗੇ ਪੜ੍ਹੋਗੇ ਤਾਂ ਜੋਗ ਦੇ ਭਾਵ ਨੂੰ ਸਮਝਾਂਗੇ ਨਿਰਾ ਕਹਿ ਦੇਣਾ ਖਾਲਸਾ 'ਰਾਜ-ਜੋਗੀ' ਹੈ, ਜਦ ਤੱਕ 'ਰਾਜ ਤੇ ਜੋਗ' ਦੇ ਅਸਲ ਭਾਵ ਨੂੰ ਨਾ ਸਮਝ ਸਕੀਏ।

"ਰਾਜ" ਲਈ ਸ਼ਕਤ ਦੀ ਲੋੜ ਹੈ ਤੇ ਸ਼ਕਤ 'ਜੋਗ' ਕਮਾਣ ਨਾਲ ਪ੍ਰਾਪਤ ਹੋਈ ਹੈ, ਇਸ ਲਈ ਸ਼ਕਤ ਪ੍ਰਾਪਤ ਕਰਨ ਦੇ ਗੁਰਮਤਿ ਅਨੁਸਾਰ ਨਿਯਮਾਂ ਦੀ ਜਾਣਕਾਰੀ ਜ਼ਰੂਰੀ ਹੈ- ਸੋ ਸ਼ਕਤਿ ਲਈ ਸਿਮਰਨ, ਜੋ ਚਹੁੰ ਜੁਗਾਂ ਦੇ ਅਵਤਾਰਾਂ ਦਾ ਸੰਗ੍ਰਹਿ 'ਵਾਹਿਗੁਰੂ' ਮੰਤਰ ਜਿਸ ਬਾਰੇ ਭਾਈ ਗੁਰਦਾਸ ਜੀ ਦਾ ਫ਼ੁਰਮਾਨ :

ਵਾਹਿਗੁਰੂ ਗੁਰ ਮੰਤ੍ਰ ਹੈ,
ਜਪਿ-ਹਉਮੈ ਖੋਈ ॥ (ਵਾਰ ੧੩- ਪਉੜੀ ੨)



ਸਤਿਗੁਰਾਂ ਦਾ ਫ਼ੁਰਮਾਣ :

ਗੁਰਮੰਤ੍ਰ ਹੀਣਸ ਜੋ ਪ੍ਰਾਣੀ,
ਧ੍ਰਿਗੰਤ ਜਨਮ ਭ੍ਰਸਟਣਹ ॥
ਕੂਕਰਹ-ਸੂਕਰਹ, ਗਰਧਬਹ,
ਕਾਕਹ-ਸਰਪਨਹ-ਤੁਲਿ ਖਲਹ ॥੩੩ ॥
(ਸਲੋਕ ਸਹਸਕ੍ਰਿਤੀ ਮ: ੫ = ਪੰਨਾ ੧੩੫੬-੫੭)

ਜੋਗ ਜੁਗਤ ਨਾਲ ਉਹ ਹੀ ਪੁਰਸ਼ ਕਮਾਏਗਾ ਜੋ, ਗੁਰੂ ਧਾਰਨ ਕਰਕੇ ਗੁਰਮੰਤ੍ਰ ਦੀ ਸਾਧਨਾ ਕਮਾਈ ਕਰੇਗਾ। ਕਲਿਜੁਗ ਦਾ ਤਾਰਕ ਮੰਤ੍ਰ "ਵਾਹਿਗੁਰੂ" ਹੈ ਭਾਈ ਗੁਰਦਾਸ ਜੀ :

੧. ਸਤਿਜੁਗਿ-ਸਤਿਗੁਰ ਵਾਸਦੇਵ "ਵਵਾ" ਵਿਸਨਾ ਨਾਮ ਜਪਾਵੈ ॥
੨. ਦੁਆਪਰਿ-ਸਤਿਗੁਰ-ਹਰੀ ਕ੍ਰਿਸ਼ਨ - "ਹਾਹਾ" ਹਰਿ ਹਰਿ ਨਾਮ ਜਪਾਵੈ ॥
੩. ਤ੍ਰੇਤੇ-ਸਤਿਗੁਰ- ਰਾਮ ਜੀ 'ਰਾਰਾ' ਰਾਮ ਜਪ-ਸੁਖੁ ਪਾਵੈ ॥
੪. ਕਲਿਜੁਗਿ - ਨਾਨਕ- ਗੁਰ ਗੋਬਿੰਦ, 'ਗਗਾ' ਗੋਬਿੰਦ ਨਾਮ ਅਲਾਵੈ ॥
੫. ਚਾਰੇ ਜਾਗੇ- ਚਹੁ ਜੁਗੀ- ਪੰਚਾਇਣ ਵਿਚਿ ਜਾਏ ਸਮਾਵੈ ॥
੬. ਚਾਰੋ ਅਛਰ ਇਕੁ ਕਰਿ - "ਵਾਹਿਗੁਰੂ" ਮੰਤ੍ਰ ਜਪਾਵੈ ॥
੭. ਜਹਾ ਤੇ ਉਪਜਿਆ ਫਿਰਿ ਤਹਾ ਸਮਾਵੈ ॥੪੯ ॥੧ ॥ (ਵਾਰ ੧)

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਸਰਬ ਲੋਹ ਗ੍ਰੰਥ ਵਿਚ ਵਾਹਿਗੁਰੂ ਸ਼ਬਦ ਬਾਰੇ ਇਉਂ ਉਚਾਰਦੇ ਹਨ :

ਬਿਸਨੁ ਪਦ - ਪੁਨਯਾਕੀ ਕਨਿਸੁ ਖੰਭਾਯਚ
"ਅਥ ਮੰਤ੍ਰ ਮਹਾਤਮ"
ਕਬਿ ਬਾਚ ਚਰਪਦ ॥

੧. ਵਾਹਿਗੁਰੂ ਪਦ-ਅਖਰ ਚਾਰ ॥
ਚਾਰ ਜੁਗਿ ਕੇ ਜਾਪ ਨਿਰਧਾਰ ॥
ਕ੍ਰਿਤ-ਤ੍ਰੇਤਾ-ਦ੍ਵਾਪਰ-ਕਲਿ ਜਾਨੁ ॥
'ਵਾਵਾ' - 'ਹਾਹਾ' - 'ਗੱਗਾ' ਠਾਨ ॥੧ ॥

੨. 'ਰਾਗ' ਚਤਰਥ ਅੱਖਛਰ ਚਾਰ ॥
ਵਾਸਦੇਵ- ਹਰਿ ਗੋਬਿੰਦ ਧਾਰ ॥
ਰਾਮ ਸੁਧਾਖਛਰ ਤਾਰਕ ਸਾਰ ॥
ਚਾਰਹੁੰ ਮਿਲਿ "ਵਾਹਿਗੁਰੂ ਉਚਾਰ" ॥੨ ॥

३. ਸਾਰ ਮੰਤ੍-ਚਾਰਹੁ ਕਾ ਸਾਰ ॥
ਵਾਹਿਗੁਰੂ ਮੰਤ੍ ਨਿਰਧਾਰ ॥
*ਕਲਪ-ਕਲਪ ਪ੍ਰਤਿ ਅਖਛਰ ਕਹੀ ॥
ਸ੍ਰੀ ਗੁਰੂ ਨਾਨਕ ਜਪਯੋ ਸਹੀ ॥੩ ॥

੪. ਆਤਮ-ਪਰਮਾਤਮ ਦਰਸਯੋ ॥
ਚਾਰ ਕਲ਼ਪ-ਮਹਿ ਮੰਤ੍ਰਹਿ ਸਰਸਯੋ ॥
ਸਾ ਮੰਤ੍-ਪ੍ਰਭ-ਖਾਲਸਹ ਦੀਨਾ ॥
'ਵਾਹਿਗੁਰੂ' ਪਦ-ਪਾਵਨ ਕੀਨਾ ॥੪ ॥

*******

ਸੋ ਹਰਿ ਨਾਮੁ-ਸਿਖਨ ਗੁਰ ਦੀਨਾ ॥
ਮਯਾ-ਧਾਰ, ਡੂਬਤਿ ਰਖੁ ਲੀਨਾ ॥
ਸਚ ਉਪਦੇਸ-ਸਿਖਨ ਪ੍ਰਤਿ ਭਾਖਾ ॥
"ਵਾਹਿਗੁਰੂ" ਸ੍ਰਤਿ-ਸਿਮ੍ਰਿਤਿ ਰਾਖੇ ॥੧੮ ॥
੧ ॥੩੧੨ ॥੮੪੪ ॥੩੧੯੩ ।ਅਸਟ ਦਸਕ੧ ॥ (ਸ੍ਰੀ ਸਰਬ ਲੋਹ ਗ੍ਰੰਥ ਪਾ: ੧੦)

ਉਪਰੋਕਤ ਸ਼ਬਦ "ਵਾਹਿਗੁਰੂ" ਜੋ ਕਲਿਜੁਗ 'ਚ ਤਾਰਕ ਹੈ - ਦੇ ਜਪਣ ਨਾਲ ਜੋਗ ਸ਼ਕਤੀ ਪ੍ਰਾਪਤ ਹੋਵੈਗੀ- ਸਤਿਗੁਰੂ ਇਸ ਦੇ ਜਪਣ ਦਾ ਬੜਾ ਸੁਖੈਣ ਤਰੀਕਾ ਦਰਸਾਇਆ ਹੈ

ਅੰਮ੍ਰਿਤ ਵੇਲੇ ਇਸ ਦੇ ਅਖ਼ਰਾਂ ਦੇ ਅਸਥਾਨਾਂ ਨਾਲ ਸੁਰਤ ਤੇ ਨਾਲ ਸ਼ਬਦ ਨੂੰ -
(੧) ਵਵਾ-ਧੁੰਨੀ
(੨) ਹਾਹਾ-ਹਿਰਦੇ
(੩) ਗਗਾ-ਕੱਠੇ
(੪) ਰਾਰਾ (ਰਾਰਾ) ਤ੍ਰਿਕੁਟੀ ਤ੍ਰਬੇਣੀ (ਜਿੱਥੇ ਬੀਬੀਆਂ ਟਿਕਾ ਲਾਉਂਦੀਆਂ ਹਨ।)

ਇਸ ਸ਼ਬਦ ਨੂੰ ਹੀ ਇੜਾ-ਪਿੰਗੁਲਾ ਤੇ ਸੁਖਮਨਾਂ ਵਿਚ ਜਦੋਂ ਰਮਨ ਕਰਕੇ ਤ੍ਰਿਬੇਣੀ ਲੰਘ-ਦਸਮ ਦੁਆਰ ਵਿਚ ਜਦ ਜੀਵ ਪ੍ਰਵੇਸ਼ ਕਰ ਲੈਂਦਾ ਹੈ, ਜਦ ਸਰੀਰ ਦੇ ਨੌਂ ਦਰਵਾਜ਼ੇ ਜੋ ਪ੍ਰਗਟ ਹਨ- ਦਸਵਾਗੁਪਤ, ਇਸ ਸਬਦ ਦੁਆਰਾ ਖੁਲਦਾ ਹੈ। ਬਾਣੀ ਦਾ ਫੁਰਮਾਣ :

---

*ਕਲਪ - ਪੁਰਾਣਾ ਅਨੁਸਾਰ-ਬ੍ਰਹਮਾ ਦਾ ਇਕ ਦਿਨ, ਜੋ ੪੩੨੦੦੦੦੦੦੦ ਵਰ੍ਹੇ ਦਾ ਹੁੰਦਾ ਹੈ, ਮੱਕੇ ਦੀ ਗੋਸ਼ਟ ਵਿਚ 'ਕਲਪ' ਦੀ ਇਕ ਅਣੋਖੀ ਕਲਪਨਾ ਹੈ ਕਿ ਕਲਪ ਬ੍ਰਿਛ ਦਾ ਇਕ ਪੱਤਾ ਝੜਨ ਤੋਂ 'ਕਲਪ' ਅਤੇ ਸਾਰੇ ਪੱਤੇ ਝੜਨ ਤੋਂ ਮਹਾਂ ਕਲਪ (ਅਰਥਾਤ ਪ੍ਰਲੈ) ਹੁੰਦੀ ਹੈ। (ਮਹਾਨ ਕੋਸ਼ ਪੰਨਾ ੩੦੮) ਇਸ ਪ੍ਰਕਾਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇੱਕ-ਇੱਕ (ਵ-ਹ-ਗ-ਰ) ਅੱਖਰ ਦਾ ਜਾਪ ਇੱਕ-ਇੱਕ ਕਲਪ ਕਰਕੇ ਇਸ ਨੂੰ ਸਾਰ ਸੁੱਧ ਮੰਤ੍ ਕੀਤਾ ਜੋ ਖਾਲਸੇ ਪ੍ਰਤੀ ਦੇਵਨ ਕੀਤਾ। ਭਾਵ ਚਾਰ ਕਲਪ ਵਿਚ ਇਹ ਵਾਹਿਗੁਰੂ ਮੰਤ੍ ਰਚਨ ਕੀਤਾ ਹੈ। ਪੜ੍ਹੋ ਉਪਰ।



ਵਜਾਇਆ ਵਾਜਾ ਪਉਣ,
ਨਉ ਦੁਆਰੇ ਪਰਗਟ ਕੀਏ,
ਦਸਵਾ-ਗੁਪਤ ਰਖਾਇਆ ॥
ਗੁਰਦੁਆਰੈ ਲਾਇ ਭਾਵਨੀ,
ਇਕਨਾ ਦਸਵਾ ਦੁਆਰੁ ਦਿਖਾਇਆ ॥ (ਅਨੰਦ ਸਾਹਿਬ ਪਾ. ੩)

ਸੋ ਦਸਮ ਦੁਆਰਾ-ਗੁਰਮੰਤ੍ (ਵਾਹਿਗੁਰੂ) ਯੁਕਤ ਨਾਲ ਸਿਮਰਨ ਕਰਨ ਨਾਲ ਖੁਲਦਾ ਹੈ, ਜੋ ਪਰਮ ਪੁਰਖ ਦੀ ਘਾਟੀ ਹੈ, ਭਗਤ ਬੇਣੀ ਜੀ ਬੜੇ ਵਿਸਥਾਰ ਨਾਲ ਗੁਰਬਾਣੀ ਵਿਚ ਦਰਸਾ ਰਹੇ ਹਨ।

ਇੜਾ-ਪਿੰਗਲਾ-ਅਉਰ ਸੁਖਮਨਾ, ਤੀਨਿ ਬਸਹਿ ਇਕ ਠਾਈ ॥
ਬੇਣੀ-ਸੰਗਮ ਤਹ ਪਿਰਾਗੁ ਮਨੁ, ਮਜਨੁ ਕਰੇ ਤਿਥਾਈ ॥

********

*ਦਸਮ ਦੁਆਰਾ-ਅਗਮ ਅਪਾਰਾ, ਪਰਮ ਪੁਰਖ ਕੀ*ਘਾਟੀ ॥
ਊਪਰਿ-ਹਾਟੁ, ਹਾਟੁ ਪਰਿ ਆਲਾ, ਆਲੇ ਭੀਤਰਿ ਥਾਤੀ ॥੪ ॥

********

ਬੀਜ ਮੰਤ੍ ਲੈ-ਹਿਰਦੈ ਰਹੈ ॥
ਮਨੂਆ ਉਲਟਿ ਸੁੰਨ ਮਹਿ ਗਹੈ ॥੫ ॥

ਭਗਤ ਬੇਣੀ ਜੀ ਨੇ - ਮੰਤ੍ ਜਪਣ ਦੀ ਯੁਕਤੀ ਇਸ ਸ਼ਬਦ ਵਿਚ ਦਰਸਾ ਦਿੱਤੀ ਹੈ, ਜੋ ਰਾਮਕਲੀ ਰਾਗ - ਪੰਨਾ ੮੭੪ ਤੇ ਦਰਜ ਹੈ। ਵਾਹਿਗੁਰੂ ਮੰਤ੍ ਨਾਲ ਦਸਮ ਦ੍ਵਾਰ ਖੋਹਲਣ ਤੱਕ ਦਾ ਜਾਪ ਹੈ, ਪਰਮ ਪੁਰਖ ਦਸਮ ਦੁਆਰ ਵਿਚ ਸੁਰਤ ਪੁਜਨ ਤੇ- ਸ੍ਵਾਸ ਉਪਤ ਹੋ ਕੇ, ਉਥੇ ਇਕ ਅਖਰ ਦਾ ਜਾਪ ਹੀ ਰਹਿ ਜਾਂਦਾ ਹੈ, ਜੋ ਗੁਰਬਾਣੀ ਦਾ ਫੁਰਮਾਣ ਹੈ:

ਏਕ ਅਖਰੁ ਹਰਿਮਨਿ ਬਸਤ,
ਨਾਨਕ ਹੋਤ ਨਿਹਾਲ ॥੧ ॥ (ਬਾਵਨੀ ਅਖਰੀ ਮ: ੧ - ਪੰਨਾ ੨੯੧)

ਕਬੀਰ ਸਾਹਿਬ ਗਉੜੀ ਰਾਗ ਵਿਚ ਫੁਰਮਾ ਰਹੇ ਹਨ :
ਬਾਵਨ ਅਛਰ, ਲੋਕ ਤ੍ਰੈ- ਸਭੁ ਕਿਛੁ ਇਨ ਹੀ ਮਾਹਿ ॥
ਏ ਅਖਰ-ਖਿਰਿ ਜਾਹਿਗੇ, ਓਇ ਅਖਰ ਇਨ ਮਹਿ ਮਹਿ ਨਾਹਿ ॥੧ ॥
ਜਹ ਬੋਲ-ਤਹ ਅਛਰ ਆਵਾ ॥
ਜਹ ਅਬੋਲ ਤਹ ਮਨੁ ਰਹਾਵਾ ॥
ਬੋਲ-ਅਬੋਲ-ਮਧਿ ਹੈ ਸੋਈ ॥
ਜਸ ਓਹੁ ਹੈ - ਤਸ ਲਖੈ ਨ ਕੋਈ ॥੨ ॥ (ਪੰਨਾ ੩੪੦)

---

*ਘਾਟੀ - ਪਹਾੜੀ ਰਸਤਾ - ਪਰਬਤ ਦਾ ਦੱਰਾ
ਅਤਿਕਠਨ ਰਸਤਾ (ਮਹਾਨ ਕੋਸ਼ ਪੰਨਾ ੪੪੩)
ਦਸਮ ਦੁਆਰਾ - ਦਸਮ ਦੁਆਰ-ਦਿਮਾਗ
ਭਾਗ ਤ੍ਰਿਕੁਟੀ (ਜੋ ਦੋ ਨੇੜ੍ਹਾ, ਜਿਸ ਨੂੰ ਤ੍ਰੈਬੇਣੀ-ਤ੍ਰੈਕੁਟੀ ਰਾਹੀਂ ਦਸਮ ਦੁਆਰ ਦਾ ਰਸਤਾ ਖੁਲਣ ਤੇ ਪਹੁੰਚੀ ਹੈ।)

ਇਹ ਗੂੜ ਭਾਵ ਦਾ ਸ਼ਬਦ ਹੈ, ਸਿਮਰਨ ਕਰਨ ਵਾਲੇ ਇਸਦੇ ਭਾਵ ਨੂੰ ਸਮਝ ਸਕਦੇ ਹਨ। ਦਸਮ ਦੁਆਰੇ ਦਾ ਸ਼ਬਦ ਜੋ ਕਬੀਰ ਸਾਹਿਬ ਫੁਰਮਾਂਦੇ ਹਨ।

ਕਬੀਰ- ਤੂੰ-ਤੂੰ ਕਰਤਾ-ਤੂ ਹੂਆ, ਮੁਝ ਮਹਿ ਰਹਾ ਨ ਹੂੰ ॥
ਜਬ-ਆਪਾ-ਪਰ ਕਾ, ਮਿਟਿ ਗਇਆ-ਜਤ ਦੇਖਉ ਤਤ ਤੂੰ ॥੨੦੪॥

(ਸਲੋਕ ਕਬੀਰ ਜੀ ਪੰਨਾ ੧੩੭੫)

## ਇੜਾ-ਪਿੰਗਲਾ ਤੇ ਸੁਖਨਾ ਦੀ ਜਾਣਕਾਰੀ

1. ਇੜਾ : ਖੱਬੀ ਨਾਸਕਾ ਤੋਂ ਲੈਕੇ ਕੰਗਰੋੜ ਦੇ ਖੱਬੇ ਪਾਸੇ ਹੁੰਦੀ ਹੋਈ- ਦਿਮਾਗ ਵਿਚ ਪਹੁੰਚਦੀ ਹੈ। (ਮਹਾਨ ਕੋਸ਼ ਪੰ: 127)
2. ਪਿੰਗਲਾ : ਜੀਵ ਦੇ ਸਰੀਰ ਵਿਚ ਇਕ ਸੱਜੀ ਨਾਸਕਾ ਤੋਂ ਇਸੇ ਤਰ੍ਹਾਂ - ਦਿਮਾਗ ਵਿਚ ਜਾਂਦੀ ਹੈ। (ਇਸ ਦਾ ਨਾਮ "ਸੂਰਜ" ਹੈ) (ਮਹਾਨ ਕੋਸ਼ ਪੰ: 769)
3. ਸੁਖਮਨਾ : ਯੋਗੀਆਂ ਦੀ ਕਲਪੀ ਹੋਈ - ਇਕ ਨਾੜੀ, ਜੋ ਨੱਕ ਦੇ ਮੂਲ ਤੋਂ ਲੈ ਕੇ ਕੰਗਰੋੜ ਦੇ ਨਾਲ ਹੁੰਦੀ ਹੋਈ ਦਿਮਾਗ ਤੀਕ ਪਹੁੰਚਦੀ ਹੈ ਇਸ ਦੇ ਸਜੇ ਪਾਸੇ ਪਿੰਗਲਾ ਅਤੇ ਖੱਬੇ ਇੜਾ ਨਾੜੀਆਂ ਹਨ। ਇਹ ਨਾੜੀ-ਚੰਦ੍ਰਮਾ-ਸੂਰਜ ਅਤੇ ਅਗਨਿ ਰੂਪ ਹੈ, ਜਦ ਅਭਿਯਾਸ ਨਾਲ ਇਸ ਵਿਚ ਪ੍ਰਾਣ (ਸ੍ਵਾਸ) ਚਲਾਈਦੇ ਹਨ ਤਦ ਅਨਹਤ ਸ਼ਬਦ ਸੁਣੀਦਾ ਹੈ ਅਤੇ ਅਨੰਦ ਦੀ ਪ੍ਰਾਪਤੀ ਹੁੰਦੀ ਹੈ। ਇਸ ਦਾ ਨਾਉ 'ਬ੍ਰਹਮ ਮਾਰਗ' ਅਤੇ ਮਹਾਂ ਪੰਥ ਭੀ ਹੈ। (ਮਹਾਨ ਕੋਸ਼ ਪੰ: 208)
   "ਸੁਖਮਨਾ- ਇੜਾ-ਪਿੰਗਲਾ ਬੂਝੇ" ਸਿਧ ਗੋਸਟ ਪੰਨਾ

ਅਸਲ ਭਾਵ ਇਹ ਹੋਇਆ ਕਿ ਵਾਹਿਗੁਰੂ ਸਿਮਰਣ ਤਿੰਨਾਂ ਨਾੜੀਆਂ ਵਿਚ ਰਮਨ ਕਰਕੇ, ਦਸਮ ਦੁਆਰ ਖੁਲਣ ਤੇ - ਜੀਵ ਵਿਚ ਸ਼ਕਤ "ਜੋਗ" ਪਦ ਪ੍ਰਾਪਤ ਹੁੰਦਾ ਹੈ। ਜੋ ਜੀਵ ਨੂੰ ਸ਼ਕਤ ਪ੍ਰਦਾਨ ਕਰਕੇ ਪ੍ਰਭੂ ਅਕਾਲ ਪੁਰਖ ਇਸ਼ਟ ਵਿਚ ਅਭੇਦ ਕਰਨ ਦਾ ਰਸਤਾ ਹੈ।

## "ਰਾਜ"

ਸਤਿਗੁਰਾਂ ਖਾਲਸੇ ਨੂੰ "ਰਾਜ-ਜੋਗ" ਇਕੱਠਾ ਦਰਸਾਇਆ ਹੈ।

ਮਹਾਨ ਕੋਸ਼ ਪੰਨਾ 1029 ਤੇ "ਰਾਜ-ਜੋਗ" ਇਉਂ ਦਰਜ ਹੈ :

1. ਰਾਜ ਕਰਦੇ ਹੋਏ ਯੋਗ ਕਰਨਾ
2. ਸੰਸਾਰ ਦੇ ਵਿਵਹਾਰ ਕਰਦੇ ਹੋਏ, ਕਰਤਾਰ ਨਾਲ ਮਨ-ਸੁਰਤ ਜੋੜਨੀ। ਭਾਵ ਪ੍ਰਭੂ ਦੀ ਯਾਦ ਭੀ ਕਰਨੀ
3. ਯੋਗਮਤ ਅਨੁਸਾਰ, ਮਨ ਦਾ ਵ੍ਰਿਤਿ ਦਾ ਨਿਰਵਿਲਪ ਹੋਣਾ "ਰਾਜ-ਜੋਗ" ਹੈ।

ਯੋਗ - ਭਗਤੀ ਦਾ ਸੋਮਾ ਸ੍ਰੀ ਗੁਰੂ ਗ੍ਰੰਥ ਸਾਹਿਬ - ਖਾਲਸੇ ਦਾ ਦੂਸਰਾ ਇਸ਼ਟ ਸਤਿਗੁਰਾਂ ਦਰਸਾਇਆ ਹੈ।

ਰਾਜ - ਸ਼ਸ਼ਤ੍ਰਾਂ ਬਿਨਾਂ ਨਹੀਂ ਹੋ ਸਕਦਾ "ਸ਼ਸ਼ਤ੍ਰ ਬਿਨਾ ਨਹਿ ਰਾਜ ਚਲੈ ਹੈ।" ਸਮੇਂ ਦੇ ਚੱਕ੍ਰ-ਮਨੁਸ਼ ਨੇ ਕ੍ਰਿਤ-ਵਿਰਤ ਦੇ ਚਲਾਉਣ ਲਈ ਜੀਵਾਂ ਦੀ ਵੰਡ ਚਹੁ ਵਰਨਾਂ ਵਿਚ ਕਰ ਦਿੱਤੀ, ਜਿਵੇਂ ਗੁਰਬਾਣੀ ਦਾ ਫੁਰਮਾਣ ਹੈ :



ਬ੍ਰਾਹਮਣੁ ਖਤ੍ਰੀ-ਸੂਦੂ-ਵੈਸ, ਚਾਰਿ ਵਰਨ,
ਚਾਰਿ ਆਸ੍ਰਮ ਹਹਿ, ਜੋ ਹਰਿ ਧਿਆਵੈ ਸੋ ਪਰਧਾਨ ॥

(ਗੋਂਡ ਮ: ੪ ਪੰਨਾ ੮੬੧)

ਸੋ ਸਿਮ੍ਰਿਤੀਆਂ ਅਨੁਸਾਰ ਚਾਰ ਵਰਣਾਂ ਦੇ ਕਰਮ ਇਉਂ ਹਨ :

(ੳ) ਬ੍ਰਾਹਮਣ ਦੇ ਛੇ ਕਰਮ ਹਨ : (੧) ਵੇਦ ਪੜ੍ਹਨਾ (੨) ਪੜ੍ਹਾਉਣਾ (੩) ਯਗ ਕਰਨੇ ਤੇ (੪) ਕਰਾਉਣੇ (੫) ਦਾਨ ਦੇਣਾ ਤੇ (੬) ਲੈਣਾ (ਭਾਵ ਤਿੰਨ ਵਰਨਾ ਦੇ ਧਰਮ ਕਰਮਾਂ ਅਤੇ ਕਲਿਆਣ ਕਰਾਨ ਦੀ ਜ਼ੁਮੇਵਾਰੀ ਬ੍ਰਾਹਮਨ ਸਿਰੇ ਲਈ ਗਈ ਦੀ ਰਖਯਾ ਦੀ ਜ਼ੁਮੇਵਾਰੀ ਨਿਬਾਹੁਣੀ)

(ਅ) ਛੱਤ੍ਰੀ (ਕਛਤ੍ਰੀ) ਦੇ ਚਾਰ ਕਰਮ ਹਨ : (੧) ਵੇਦ ਪੜ੍ਹਨੇ (੨) ਯਗ ਕਰਨ ਸਮੇਂ ਰਖਿਆ ਕਰਨੀ ਅਤੇ (੩) ਪੂਜਾ ਤੇ ਤਿੰਨਾਂ ਵਰਨਾ ਦੀ ਰਖਿਆ ਕਰਨੀ (ਸ਼ਸ਼ਤ੍ਰਧਾਰੀ)

(ੲ) ਵੈਸ਼ਯਾ ਦੇ ਤਿੰਨ ਕਰਮ ਹਨ : (੧) ਖੇਤੀ ਕਰਨੀ (੨) ਵਣਜਿ ਕਰਨਾ (੩) ਪਸ਼ੂਆਂ ਦੀ ਪਾਲਣਾ ਕਰਨੀ (ਤਿੰਨਾਂ ਵਰਨਾਂ ਨੂੰ ਰੋਜ਼ੀ ਉਪਲਭਧ ਕਰਨੀ)

(ਸ) ਸੂਦ੍ਰ ਦਾ ਇਕ ਕਰਮ ਸੀ : (੧) ਤਿੰਨਾਂ ਵਰਨਾਂ ਦੀ ਸੇਵਾ ਕਰਨੀ

ਪ੍ਰੰਤੂ ਜੀਵ ਦੇ ਮਨ ਭਾਵ ਅਨੁਸਾਰ ਇਹ ਬ੍ਰਾਹਮਣ-ਛੱਤ੍ਰੀ ਤੇ ਵੈਸ਼ ਅਤੇ ਸੂਦ੍ਰ ਬ੍ਰਿਤ ਅਖਵਾਦਾ ਹੈ ਜਿਵੇਂ

ਵ੍ਰਿਧ ਗੌਤਮ ਸੰਹਿਤਾ ਦੇ ਅਠਵੇਂ ਅਧਯਾਯ ਵਿਚ, ਕ੍ਰਿਸ਼ਨ ਜੀ ਦਾ ਯੁਧਿਸ਼ਟਰ ਨੂੰ ਉਪਦੇਸ਼ ਹੈ ਕਿ ਮਨ ਦੇ ਭਾਵ ਹੀ ਵਰਨ ਹਨ, ਜਿਸ ਸਮੇਂ ਜੋ ਭਾਵ ਪ੍ਰਬਲ ਹੁੰਦਾ ਹੈ, ਉਸ ਵੇਲੇ ਪੁਰਖ ਨੂੰ ਉਸੇ ਵਰਨ ਦਾ ਸਮਝਣਾ ਚਾਹੀਏ।

੧. ਗਰਬ - ਵੈਰ-ਦੰਭ ਆਦਿ ਭਾਵ ਛੱਤ੍ਰੀ ਹਨ।
੨. ਛਲ-ਚੁਗਲੀ- ਝੂਠ ਆਦਿ ਭਾਵ ਵੈਸ਼ਯ ਹਨ।
੩. ਆਲਸ-ਝਗੜਾ- ਕਾਇਰਤਾ, ਡਰ-ਅਪਵਿਤ੍ਰਤਾ ਆਦਿ ਸੂਦ੍ਰ ਹਨ।
੪. ਜੇ ਵੇਦ ਪਾਠੀ ਬ੍ਰਹਮਣ ਦੇ ਮਨ ਵਿਚ ਕਾਇਰਤਾ ਅਪਵਿਤ੍ਰਤਾ ਆਦਿ ਭਾਵ ਵਰਤ ਰਹੇ ਹਨ, ਤਦ ਉਸ ਨੂੰ ਸੂਦ੍ਰ ਮੰਨਣਾ ਚਾਹੀਏ।
੫. ਭਗਤੀ - ਬੰਦਗੀ-ਸਿਮਰਨ, ਪ੍ਰਭੂ ਕੀਰਤੀ ਦੇ ਭਾਵ ਬ੍ਰਹਮਣ ਲੱਛਣ ਹਨ।

ਪਰ ਸਮੇਂ ਦੀ ਚਾਲ ਬਦਲਦੀ ਗਈ ਚਾਰੇ ਵਰਨ, ਆਪੋ ਆਪਣਾ ਧਰਮ ਕਰਮ ਛੱਡ ਦਿੱਤੇ : ਫੁਰਮਾਨ :

੧. ਛਤ੍ਰੀ-ਬ੍ਰਾਹਮਨ ਰਹਾ ਨ ਕੋਈ ॥ ਸੰਕਰ ਬਰਣ ਪ੍ਰਜਾ ਸਭ ਹੋਈ ॥ (ਅੰਕ ੧੫)
੨. ਧਰਤ ਛਤ੍ਰ ਉਤਾਰ ਕੈ-ਰਨ ਛੋਰ ਛਤ੍ਰੀ ਭਾਜ ਹੈਂ ॥
   "ਸੂਦ੍ਰ"- "ਬੈਸ" ਜਹਾ-ਤਹਾਂ ਗਹਿ ਅਸਤ੍ਰ ਆਹਬ ਗਾਜ ਹੈਂ ॥ (ਅੰਕ ੨੩)
੩. ਅਪੰਡਤ ਗੁਣ ਮੰਡਤ -ਸੁਬੁਧਨਿ ਖੰਡਤ ਦੇਖੀਐ ॥
   ਛਤ੍ਰੀ ਬਰ ਧਰਮ ਛਾਡ- ਅਕਰਮ ਧਰਮ ਲੇਖੀਐ ॥ (ਅੰਕ ੧੦੯)

(ਨਿਹਕਲੰਕੀ ਅਵਤਾਰ ਪਾ: ੧੦)

ਚੌਪਈ ॥ ਬਿਪ੍ਰ-ਕਰਤ ਭਏ ਸੂਦ੍ਰ ਬ੍ਰਿਤਿ, ਛਤ੍ਰੀ-ਬੈਸਨ ਕਰਮ ॥
ਬੈਸ-ਕਰਤ ਭਏ ਛਤ੍ਰਿ ਬ੍ਰਿਤਿ, ਸੂਦ੍ਰ ਸੁ ਦਿਜ ਕੋ ਕਰਮ ॥੨੪ ॥

(ਬਚਿਤ੍ਰ ਨਾਟਕ ਧਿਆਏ ਪੰਜਵਾਂ ਪਾ: ੧੦)

**ਗੁਰਬਾਣੀ ਦਾ ਫੁਰਮਾਣ :**

ਖਤ੍ਰੀਆ ਤ ਧਰਮੁ ਛੋਡਿਆ, ਮਲੇਛ ਭਾਖਿਆ ਗਹੀ ॥
ਸ੍ਰਿਸਟਿ ਸਭ ਇਕ ਵਰਨ ਹੋਈ, ਧਰਮ ਕੀ ਗਤਿ ਰਹੀ ॥

(ਧਨਾਸਰੀ ਮ: ੧ - ਪੰ : ੬੬੩)

ਉਪਰੋਕਤ ਉਦਾਹਰਨਾਂ ਸਪਸ਼ਟ ਕਰਦੀਆਂ ਹਨ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਪਹਿਲਾਂ ਅਤੇ ਦਸਮੇਸ਼ ਜੀ ਤੱਕ, ਚਾਰੇ ਵਰਨ ਆਪੋ ਆਪਣਾ ਧਰਮ ਕਰਮ ਤਿਆਗ ਚੁੱਕੇ ਸਨ।

ਜਿਸ ਕਰਕੇ ਧਰਮ ਕੀ ਗਤਿ ਰਹੀ, ਧਰਮ ਦੇ ਬਚਾਨ ਦੀ ਲੋੜ ਨੂੰ ਭਾਸਦਿਆਂ ਹੀ ਸਤਿਗੁਰੂ ਨਾਨਕ ਦੇਵ ਜੀ ਨੇ

ਪੰਚ ਪਰਵਾਨੁ ਪੰਚ ਪਰਧਾਨ

ਦੀ ਨੀਂਹ ਰੱਖ ਦਿੱਤੀ - ਚਾਰ ਵਰਨ ਦੀ ਬਜਾਏ "ਪੰਚਾਇਣ ਆਪੇ ਹੋਆ"

ਇਸ ਪੰਚ (ਪੰਜੀ ਪਰਮੇਸਰ) ਨੂੰ ਸ੍ਰੀ ਗੁਰੂ ਗੋਬਿੰਦ ਰਾਇ (ਗੁਰੂ ਗੋਬਿੰਦ ਸਿੰਘ ਜੀ ਨੇ ਸਾਕਾਰ ਕਰ ਦਿੱਤਾ) ਪੰਜ ਪਿਆਰੇ ਸਾਜ ਪੰਜਾ ਨੂੰ ਪ੍ਰਧਾਨਗੀ ਸੌਂਪ ਦਿੱਤੀ।

ਗੁਰੂ ਖਾਲਸੇ ਵਿਚ ਚਹੁੰ ਵਰਨਾ ਦੇ ਧਰਮ ਕਰਮ ਭਰ ਦਿੱਤੇ। ਤੇ "ਰਾਜ-ਜੋਗ" ਨੂੰ ਇਕਤ੍ਰ ਕਰ ਦਿੱਤਾ,

ਪੰਡਤਾਂ, ਵੈਸ਼ਾਂ, ਸੂਦ੍ਰਾ ਅਤੇ ਛਤ੍ਰੀਆਂ ਦੇ ਸਾਰੇ ਕਰਮ ਹਰ ਗੁਰੂ ਖਾਲਸੇ ਨੂੰ ਕਰਨ ਦਾ ਨਵ ਨਿਰਮਾਣ ਕਰਕੇ ਅਨੋਖੀ ਖੇਡ ਕਰ ਵਖਾਈ ਜਿਸ ਦੀ ਚਾਰ ਜੁੱਗ ਵਿਚ ਅਜੇਹੀ ਮਿਸਾਲ ਨਹੀਂ ਮਿਲਦੀ ਪ੍ਰੰਤੂ ਸਿੱਖ ਧਰਮ ਵਿਚ ਵਿਵਹਾਰ ਅਨੁਸਾਰ ਜੀਵ ਦੇ ਨਾਮ ਵਰਨਣ ਹੁੰਦੇ ਹਨ - ਜਨਮ ਤੋਂ ਵਰਨ ਨਹੀਂ ? ਕਿੰਤੂ ਕਰਮ ਅਨੁਸਾਰ ਅਤੇ ਧਰਮ ਅਨੁਸਾਰ ਜੀਵ ਨੂੰ ਦਰਸਾਇਆ ਹੈ :

**ਭਾਈ ਗੁਰਦਾਸ ਜੀ ਫੁਰਮਾ ਰਹੇ ਹਨ :**

ਚਾਰ ਵਰਣ ਇਕ ਵਰਣ ਕਰਾਇਆ (ਭਾ. ਗੁਰਦਾਸ ਜੀ)

ਗੁਰਮਤ ਅਨੁਸਾਰ ਸਤਿਗੁਰਾਂ ਇਕੋ ਪੁਰਸ਼ ਵਿਚ ਚਾਰੇ ਵਰਨਾਂ ਦੇ ਕਰਮ ਭਰ ਦਿੱਤੇ ਹਨ, ਜਿਵੇਂ :

੧. ਜੀਵ ਜਦ ਅੰਮ੍ਰਿਤ ਵੇਲੇ ਉਠ ਕੇ ਕ੍ਰਿਆ ਸੋਧ ਕੇ ਜਦ ਸਿਮਰਨ ਕਰਦਾ ਹੈ ਬਾਣੀ ਪੜ੍ਹਦਾ ਹੈ ਕ੍ਰਿਤ ਕਮਾਈ ਵਿਚੋਂ ਦਸਵੰਧ ਗੁਰੂ ਲੇਖੇ ਲਾਂਦਾ ਹੈ ਤਾਂ ਖਾਲਸਾ "ਬ੍ਰਾਹਮਣ" ਵਰਨ ਦਾ ਧਾਰਨੀ।
੨. ਜਦ ਖਾਲਸਾ ਧਰਮ ਦੀ ਕ੍ਰਿਤ-ਵਿਰਤ (ਖੇਤੀ ਵਣਜ ਜਾਂ ਹੋਰ ਉਪਜੀਵਕਾ ਦੇ ਸਾਧਨ ਕਰਦਾ ਹੈ ਤਾਂ "ਵੈਸ਼" ਵਰਨ ਦਾ ਧਾਰਨੀ ਹੈ।)



੩. ਗੁਰੂ ਕਾ ਖਾਲਸਾ ਜਦ ਧਰਮ ਬਦਲੇ ਜਿਥੇ ਧਰਮ ਦੀ ਹਾਨੀ ਜਾਂ ਗਊ ਗਰੀਬ ਦੀ ਰਖਿਆ ਜਾਂ ਦੇਸ਼ ਕੌਮ ਲਈ ਜੂਝਨ ਦੀ ਲੋੜ ਹੁੰਦੀ ਹੋਵੇ, ਉਥੇ ਸ਼ਸ਼ਤ੍ਰਾਂ ਦਾ ਪ੍ਰਯੋਗ ਕਰਨ ਸਮੇਂ ਉਹ ਜੀਵ "ਕਛਤ੍ਰੀ" ਦਾ ਧਰਮ ਪਾਲਣ ਕਰ ਰਿਹਾ ਹੁੰਦਾ ਹੈ।
੪. ਇਸੇ ਤਰ੍ਹਾਂ ਖਾਲਸਾ ਜੋੜਿਆਂ ਦੀ ਸੇਵਾ ਚੁਲ ਝੋਕਦਾ ਤਪੜ ਛਾੜ ਵਿਛਾਦਾ, ਝਾੜੂ ਦੀ ਸੇਵਾ, ਗੁਰੂ ਘਰ ਵਿਚ ਕਰਦਾ ਹੈ ਤਾਂ ਉਹ ਸੂਦਰ ਵਰਨ ਦੇ ਕਰਮਾਂ ਨੂੰ ਨਿਭਾਹ ਰਿਹਾ ਹੁੰਦਾ ਹੈ। ਭਾਈ ਗੁਰਦਾਸ ਜੀ ਵਾਰਾਂ ਵਿਚ ਫੁਰਮਾ ਰਹੇ ਹਨ।

## ਖਾਲਸੇ ਦਾ ਬ੍ਰਹਮ ਕਰਮ

੧. ਅੰਮ੍ਰਿਤ ਵੇਲੇ ਉਠਿ ਕੈ, ਜਾਇ ਅੰਦਰ ਦਰੀਆਉ ਨਵੰਦੇ ॥
੨. ਸਹਜਿ ਸਮਾਧਿ-ਅਗਾਧਿ ਵਿਚਿ, ਇਕ ਮਨਿ ਹੋਇ-ਗੁਰ ਜਾਪੁ ਜਪੰਦੇ ॥
੩. ਮਥੇ ਟਿਕੇ ਲਾਲ ਲਾਇ, ਸਾਧ ਸੰਗਤਿ ਚਲਿ ਜਾਇ ਬਹੰਦੇ ॥
੪. ਸਬਦੁ-ਸੁਰਤਿ ਲਿਵ ਲੀਣੁ ਹੋਇ, ਸਤਿਗੁਰ ਬਾਣੀ ਗਾਇ ਸੁਣੰਦੇ ॥
੫. ਭਾਇ ਭਗਤਿ-ਭੈ ਵਰਤਿਮਾਨਿ, ਗੁਰ ਸੇਵਾ-ਗੁਰਪੁਰਬ ਕਰੰਦੇ ॥
੬. ਸੰਝੈ ਸੋਦਰ ਗਾਵਣਾ, ਮਨਮੇਲੀ ਕਰਿ ਮੇਲਿ ਮਿਲੰਦੇ ॥
੭. ਰਾਤੀ ਕੀਰਤਿ ਸੋਹਿਲਾਕਰਿ ਆਰਤੀ ਪਰਸਾਦੁ ਵੰਡੰਦੇ ॥
੮. ਗੁਰਮੁਖਿ ਸੁਖ ਫਲੁ ਪਿਰਮ ਚਖੰਦੇ ॥੩ ॥ (ਵਾਰ ੬)

**ਖਾਲਸੇ ਦਾ ਵੈਸ਼ਯ ਕਰਮ**

੧. ਪਿਛਲ ਰਾਤੀਂ ਜਾਗਣਾ- ਨਾਮ ਦਾਨ ਇਸਨਾਨ ਦ੍ਰਿੜਾਏ ॥
੨. ਮਿਠਾ ਬੋਲਣੁ-ਨਿਵ ਚਲਣੁ, ਹਥਹੁ ਦੇ ਕੇ ਭਲਾ ਮਨਾਏ ॥
੩. ਥੋੜਾ ਸਵਣਾ, ਖਾਵਣਾ ਥੋੜਾ, ਬੋਲਣ-ਗੁਰਮਤਿ ਪਾਏ ॥
੪. ਘਾਲਿ ਖਾਇ ਸੁਕ੍ਰਿਤ ਕਰੈ, ਵਡਾ ਹੋਇ ਨ ਆਪੁ ਗੁਣਾਏ ॥
੫. ਸਾਧ ਸੰਗਤਿ-ਮਿਲਿ ਗਾਂਵਦੇ, ਰਾਤਿ ਦਿਹੈਂ, ਨਿਤ ਚਲਿ ਜਾਏ ॥
੬. ਸਬਦ ਸੁਰਤਿ ਪਰਚਾ ਕਰੈ, ਸਤਿਗੁਰੁ ਪਰਚੈ-ਮਨ ਪਰਚਾਏ ॥
੭. ਆਸਾ ਵਿਚਿ ਨਿਰਾਸੁ ਵਲਾਏ ॥੧੫। (ਵਾਰ ੨੮ ॥ ਭਾਈ ਗੁਰਦਾਸ ਜੀ)

ਗੁਰਸਿਖ ਵੈਸ਼ਯ ਕਰਮ "ਘਾਲਿ ਖਾਇ ਸੁਕ੍ਰਿਤ ਕਰੈ" ਧਰਮ ਮੁਤਾਬਕ ਸੁਚੱਜੀ ਕ੍ਰਿਤ ਕਰਕੇ ਖਾਇ ਤੇ ਖੁਵਾਉਣਾ ਵੈਸ਼ਯ ਕਰਮ ਖਾਲਸਾ ਦੀ ਕ੍ਰਿਤ ਦਰਸਾਈ ਹੈ।

ਖਾਲਸੇ ਦੇ ਸੂਦ੍ਰ ਕਰਮ

**ਭਾਈ ਗੁਰਦਾਸ ਜੀ :**

੧. ਪੈਰੀ ਪੈ ਪਾਖਾਕ ਹੋਇ, ਛਡਿ ਮਣੀ ਮਨੂਰੀ ॥
੨. ਪਾਣੀ-ਪਖਾ-ਪੀਹਣਾ, ਨਿਤ ਕਰੈ ਮਜੂਰੀ ॥
੩. ਤੁਪੜ-ਝਾੜਿ ਵਿਛਾਇੰਦਾ, 'ਚੁਲਿ' ਝੋਕਿਨ ਝੂਠੀ ॥
੪. ਮੁਰਦੇ ਵਾਗ ਮੁਰੀਦੁ ਹੋਇ, ਕਰਿ ਸਿਦਕ ਸਬੂਰੀ ॥

5. ਚੰਦਨ ਹੋਵੈ ਸਿੰਮਲਹੁ, ਫਲਕ ਵਾਸੁ ਹਜੂਰੀ ॥
6. ਪੀਰ-ਮਰੀਦਾਂ, ਪਿਰਹੜੀ, ਗੁਰਮੁਖਿ ਮਤਿ ਪੂਰੀ ॥੧੯॥ ਵਾਰ ੨੭ ॥

ਸਤਿਗੁਰਾਂ ਹਰ ਜੀਵ (ਗੁਰੂ ਦੇ ਸਿੱਖ ਵਿਚ) ਚਾਰ ਵਰਨਾਂ ਦੇ ਧਰਮ ਕਰਮ ਪ੍ਰਦਾਨ ਕਰ ਦਿੱਤੇ ਹਨ, ਇਸ ਕਰਕੇ ਖਾਲਸਾ "ਜੋਗ ਤੇ ਰਾਜ" ਦੋਹਾਂ ਦਾ ਅਧਿਕਾਰੀ ਹੈ।

ਜੋਗ ਸਾਧਨਾ (ਸ੍ਰੀ ਗੁਰੂ ਗ੍ਰੰਥ ਸਾਹਿਬ-ਗੁਰੂ ਇਸ਼ਟ ਬਾਰੇ) ਪਿੱਛੇ ਪੜ੍ਹ ਆਏ ਹੋ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਿੱਖਿਆ ਦੁਆਰਾ "ਜੋਗ ਭਾਵ" ਆਤਮ ਸ਼ਕਤੀ ਵਾਹਿਗੁਰੂ ਮਿਲਾਪ ਦੇ ਸਾਧਨਾ ਦੁਆਰਾ ਜੀਵ "ਜੋਗ" ਪ੍ਰਾਪਤ ਕਰ ਸਕਦਾ ਹੈ।

ਪ੍ਰੰਤੂ ਜਿਥੋਂ ਤੱਕ "ਰਾਜ" ਦਾ ਸਬੰਧ ਹੈ, ਉਸ ਲਈ ਸ਼ਸ਼ਤ੍ਰ ਦੀ ਲੋੜ ਹੈ ਤਾਂ ਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਸ੍ਰੀ ਦਸਮ ਗ੍ਰੰਥ ਸਾਹਿਬ ਵਿਚ ਫੁਰਮਾਨ ਕੀਤਾ ਸੀ :

ਤ੍ਰਿਭੰਗੀ ਛੰਦ ॥ ਸ੍ਰੀ ਕਾਲ ਜੀ ਕੀ ਉਸਤਤਿ ॥
੧. ਖਗ ਖੰਡ ਬਿਹੰਡੰ- ਖਲ ਦਲ ਖੰਡੰ ਅਤਿ ਰਣ ਮੰਡੰ- ਬਰਬੰਡੰ ॥
੨. ਭੁਜ ਦੰਡ ਅਖੰਡੰ - ਤੇਜ ਪ੍ਰਚੰਡੰ-ਜੋਤਿ ਅਮੰਡੰ- ਭਾਨ ਪ੍ਰਭੰ ॥
੩. ਸੁਖ ਸੰਤਾ ਕਰਣੰ - ਦੁਰਮਤਿ ਦਰਣੰ, ਕਿਲ ਬਿਖ ਹਰਣੰ, 'ਅਸ' ਸਰਣੰ ॥
੪. ਜੈ-ਜੈ-ਜੈ ਜਗ ਕਾਰਣ, ਸ੍ਰਿਸਟ ਉਬਾਰਣ, ਮਮ ਪ੍ਰਤਿਪਾਰਣ "ਜੈ ਤੇਗੰ" ॥੨॥
(ਬਚਿਤ੍ਰ ਨਾਟਕ ਪਾ: ੧੦ ਪੰਨਾ ੩੮)

੧. ਅਸਿ- ਕ੍ਰਿਪਾਨ- ਧਾਰਾਧਰੀ, ਸੈਫ਼-ਸੂਲ-ਜਮਦਾਢ ॥
ਕਵਚਾਂਤ -ਸ਼ਸ਼ਭ੍ਰਾਂਤ ਕਰ, 'ਤੇਗ' ਤੀਰ ਧਰ ਬਾਢ ॥੨॥
੨. ਅਸਿ-ਕ੍ਰਿਪਾਨ-ਖੰਡੋ ਖੜਗ-ਤੁਪਕ-ਤਬਰ ਅਰਤੀਰ ॥
ਸੈਫ਼-ਸਰੋਹੀ-ਸੈਹਥੀ, ਯਹੈ ਹਮਾਰੈ 'ਪੀਰ' ॥੩॥
(ਸ਼ਸ਼ਤ੍ਰ ਨਾਮ ਮਾਲਾ ਦਸਮ ਗ੍ਰੰਥ ਪਾ : ੧੦)

ਭਾਵ ਅਰਥ :

੧. ਅਸਿ : ਧਾ ਜਾਣਾ- ਚਮਕਣਾ-ਲੈਣਾ-ਦੇਣਾ
ਫੈਂਕਣਾ-ਰੋਕਣਾ-ਕਟਣਾ, ਇਸੇ ਧਾਤ ਤੋਂ ਅਸਿ ਅਸੁ ਤੋਂ ਅਸੁਰ (ਦੈਂਤ) ਆਦਿ ਸ਼ਬਦ ਬਣਦੇ ਹਨ। (ਮਹਾਨ ਕੋਸ਼ ਪੰ: 25 ਤੇ 29)

*੨. ਕ੍ਰਿਪਾਨ : ਜੋ ਕ੍ਰਿਪਾ ਫੈਂਕ ਦੇਵੇ, ਜਿਸ ਦੇ ਚਲਾਉਣ ਨਾਲ ਰਹਿਮ ਨਾ ਆਵੈ ॥
ਸ਼ਮਸ਼ੇਰ - ਸਿੰਘਾਂ ਦਾ ਦੂਜਾ ਕਕਾਰ, ਜੋ ਅੰਮ੍ਰਿਤਧਾਰੀ ਸਿੰਘ ਨੂੰ ਪਹਿਨਣਾ ਅਤੀ ਜ਼ਰੂਰੀ ਵਿਧਾਨ (ਨਿਯਮ) ਹੈ। (ਮਹਾਨ ਕੋਸ਼ ਪੰਨਾ ੩੫੯)

---

* ਕ੍ਰਿਪਾਨ = ਕ੍ਰਿਪਾ + ਆਨ : ਕ੍ਰਿਪਾ ਪ੍ਰਮਾਤਮਾ ਦੀ ਬਖਸ਼ਿਸ਼ ਆਨ ਇੱਜ਼ਤ ਜੋ ਪ੍ਰਮਾਤਮਾ ਦੀ ਬਖਸ਼ਿਸ਼ ਅਤੇ ਸਾਨੂੰ ਇੱਜ਼ਤ ਬਖਸ਼ਦੀ ਹੈ।

*'ਕਵਚ' (ਬ੍ਰਹਮ ਕਵਚ) ਕ੍ਰਿਪਾਨ (ਪ੍ਰਭੂ ਸ਼ਕਤੀ ਪ੍ਰਗਟ ਹੋਣ ਤੇ ਬ੍ਰਹਮਾ ਨੇ ਜੋ ਬ੍ਰਹਮਾ-ਕਵਚ ਉਚਾਰਨ ਕੀਤੀ, ਵਿਸਥਾਰ ਪੂਰਬਕ "ਕ੍ਰਿਪਾਨ ਇਸ਼ਟ" ਕਿਉਂ ਦਰਸਾਇਆ ਹੈ ਅੱਗੇ ਪੜਨਾ, ਕਲਗੀਧਰ ਨੇ ਬ੍ਰਹਮ ਕਵਚ ਪ੍ਰਭੂ ਸ਼ਕਤ ਕ੍ਰਿਪਾਨ ਦੀ ਉਸਤਤ ਦਾ ਜੋ ਉਚਾਰਨ ਕੀਤਾ ਉਸ ਨੂੰ ਅੱਗੇ ਅੰਕਤ ਕੀਤਾ ਗਿਆ ਹੈ।



ਦੋਹਰਾ : *'ਕਵਚ' ਸ਼ਬਦ ਪ੍ਰਿਥਮੈ ਕਹੋ ' ਅੰਤ ਸ਼ਬਦ ਅਰਿ ਦੇਹੁ ॥
ਸਭ ਹੀ ਨਾਮ 'ਕ੍ਰਿਪਾਨ' ਕੇ, ਜਾਨ ਚਤਰ ਜੀ ਲੇਹੁ ॥੨੮॥
(ਸ਼ਸ਼ਤ੍ਰ ਨਾਮ ਮਾਲਾ ਦਸਮ ਗ੍ਰੰਥ ਪਾ: ੧੦, ਪੰਨਾ ੭੧੮)

**੩. ਖੜਗ :**

੧. ਜੋ ਖੰਡਨ (ਭੇਦਨ) ਕਰੇ, ਖੜਗ (ਕ੍ਰਿਪਾਨ) ਸ੍ਰੀ ਸਾਹਿਬ ਧਨੁਰਵੇਦ ਅਨੁਸਾਰ : ਖੜਗ ਚਾਰ (੪) ਉਂਗਲ ਚੌੜਾ ਅਤੇ ਪੰਜਾਹ (੫੦) ਉਂਗਲ ਲੰਮਾ ਹੋਣਾ ਚਾਹੀਦਾ ਹੈ।
ਕ੍ਰਿਪਾਨ ਚਲਾਉਣ ਦੇ ੩੨ ਹੱਥ ਲਿਖੇ ਹਨ।

੨. ਜਗਤ ਵਿਨਾਸ਼ਕ (ਲੈ ਕਰਨ ਵਾਲਾ) ਮੰਨ ਕੇ, ਮਹਾਂ ਕਾਲ (ਪ੍ਰਭੂ) ਦਾ ਨਾਮ ਭੀ (ਖੜਗ ਭੁਜ) ਆਇਆ ਹੈ, ਜਿਹਾ ਕਿ
ਨਮਸਕਾਰ ਸ੍ਰੀ 'ਖੜਗ' ਕੋ, ਕਰੋ ਸੋ ਹਿਤ-ਚਿਤ ਲਾਇ ॥
ਪੂਰਨ ਕਰੋ ਗਿਰੰਥ ਇਹ ਤੁਮ ਮੁਹਿ ਕਰਹੁ ਸਹਾਇ ॥੧॥
(ਬਚਿਤ੍ਰ ਨਾਟਕ ਪਾ: ੧੦ - ਪੰਨਾ ੩੯)

੩. ਖੰਡੋ : ਦੋ ਧਾਰਾ- ਦੋ ਪਾਸਿਆਂ ਤੋਂ ਖੰਡਨ ਕਰਨ ਵਾਲਾ (ਮ : ਕੋ. ਪੰ. ੩ ੭)

੪. ਤੁਪਕ : (ਫਾਰਸੀ) ਛੋਟੀ ਤੋਪ (ਓਨੀ ਤੁਪਕ ਤਾਣਿ ਚਲਾਈ)
(ਮਹਾਨ ਕੋਸ਼ ਪੰ: ੫੮੯) (ਆਸਾ ਮ: ੧)

ਤੁਫੰਗ : ਤੋਪ (ਸੱਤ੍ਰ ਸਬਦ - ਬਹੁਰੋ ਮੁਖ ਭਾਖਾ ॥
ਨਾਮ ਤੁਫੰਗ-ਚੀਨ ਚਿਤੁ ਰਾਖ ॥੮੨੭॥)

੫. ਤਬਰ : (ਫਾਰਸੀ) ਛਵੀ, ਲੰਮਾ ਅਤੇ ਬਹੁਤ ਤੇਜ ਗੰਡਾਸਾ।
(ਮ: ਕੋ. ਪੰ. ੫੭੯)

੬. ਤੀਰ : ਕਮਾਨ ਨਾਲ ਦੁਸ਼ਮਣ ਦੀ ਫੌਜ ਤੇ ਚਲਾਣ ਵਾਲਾ।
(ਬਾਂਸ ਜਾਂ ਬੈਂਤ ਦੀ ਸੋਟੀ ਅਗੇ ਤਿੱਖੀ ਲੋਹੇ ਦੀ ਮੁਖੀ ਲਾਈ ਜਾਂਦੀ ਹੈ।)

੭. ਸੈਫ (ਅਰਬੀ) ਸਿਧੀ ਤਲਵਾਰ (ਮ: ਕੋ. ਪੰ: ੨੩੦)

੮. ਸਰੋਹੀ : ਸਰੋਹੀ ਨਗਰ ਵਿਚ ਬਣੀ ਹੋਈ 'ਤਲਵਾਰ' ਦੀ ਇਕ ਜਾਤਿ ਜੋ ਬਹੁਤ ਕਾਟ ਕਰਨ ਵਾਲੀ ਹੁੰਦੀ ਹੈ।
ਬਣਤ੍ਰ : ਦੋ ਫੌਲਾਦੀ, ਅਥਵਾ ਸਕੇਲੇ ਦੇ ਪਤਿਆਂ ਦੇ ਵਿਚਕਾਰ ਕੱਚਾ ਲੋਹਾ ਦੇ ਕੇ 'ਸਰੋਹੀ' ਘੜੀ ਜਾਂਦੀ ਹੈ, ਐਸਾ ਕਰਨ ਨਾਲ 'ਸਰੋਹੀ' ਟੁੱਟਦੀ ਨਹੀਂ ?

੯. ਸੈਹਥੀ : ਸੰ: ਸ਼ਕਤ - ਸੰਗਯਾ - ਬਰਛੀ (ਮ: ਕੋ: ਪੰ. ੨੨੯)

## ਸ਼ਸ਼ਤ੍ਰਾਂ ਦੇ ਹੋਰ ਭੇਦ

੧੦. ਸ਼ਮਸ਼ੇਰੇ ਹਿੰਦੀ : ਫਾ. ਭਾਰਤ ਦੀ ਕ੍ਰਿਪਾਨ, ਹਿੰਦੁਸਤਾਨ ਦੀ ਤਲਵਾਰ, ਜੋ ਪੁਰਾਣੇ ਸਮੇਂ ਵਿਚ ਬਹੁਤ ਉਤਮ ਗਿਣੀ ਜਾਂਦੀ ਸੀ। (ਮ: ਕੋ: ਪੰ. ੧੫੮)

ਦਸ਼ਮੇਸ਼ ਜੀ ਜ਼ਫ਼ਰਨਾਮੇ ਵਿਚ ਫੁਰਮਾਂਦੇ ਹਨ -

੧. ਜਿਰਹ - ਖੋਦ ਖ਼ੁਫ਼ਤਾਨ ਬਰਗਸ਼ਤਵਾਨ ॥
ਜ਼ਿ ਸ਼ਮਸ਼ੇਰ ਹਿੰਦੀ-ਗਿਰਾ ਤਾ ਗਿਰਾਨ ॥੯੯ ॥

੨. ਜ਼ਿ ਬੰਦੂਕ ਮਸਹਦ ਵ ਚੀਨੀ ਕਮਾਨ ॥
ਜ਼ਿਰਹ ਰੂਮ- ਸ਼ਮਸ਼ੇਰ ਹਿੰਦੋਸਤਾਨ ॥੧੦੦ ॥

੩. ਬਚਰਖ਼ ਅੰਦਰ ਆਮਦ ਬ ਚੀਨੀ ਕਮਾਂ ॥
ਬਤਾਬ ਆਮਦਸ਼-ਤੇਗ ਹਿੰਦੋਸਤਾਂ ॥੧੨੫ ॥ (ਦਸ ਗ੍ਰੰਥ ਪੰ: ੧੪੨੨)

੧੧. ਖੜਗ- ਸ੍ਰੀ ਸਾਹਿਬ- ਤਲਵਾਰ-ਭਗਉਤੀ

੧. ਲਈ "ਭਗਉਤੀ" ਦੁਰਗਸਾਹ ॥ (ਚੰਡੀ ਦੀ ਵਾਰ ਪਾ: ੧੦)

੨. ਲਏ 'ਭਗਉਤੀ" ਨਿਕਸ ਹੈ, ਆਪ ਕਲੰਕੀ ਹਾਥ ॥
(ਸ਼ਸ਼ਤ੍ਰ ਨਾਮ ਮਾਲਾ ਪਾ : ੧੦)

੩. ਨਾਉ 'ਭਗਉਤੀ' ਲੋਹ ਘੜਾਇਆ ॥ (ਭਾ. ਗੁਰਦਾਸ ਜੀ)

੪. ਪ੍ਰਿਥਮ 'ਭਗਉਤੀ' ਸਿਮਰ ਕੈ (ਚੰਡੀ ਦੀ ਵਾਰ ਪਾ : ੧੦)

੧੨. ਸ਼ਸ਼ਤ੍ਰ ਈਸ : ਸੰਗਯਾ - ਸ਼ਸ਼ਤ੍ਰਾਂ ਦੇ ਈਸ਼ਵਰ "ਖੜਗ"
ਸ਼ਸ਼ਤ੍ਰਈਸੁਣੀ : ਸੰਗਯਾ - ਸ਼ਸ਼ਤ੍ਰਾਂ ਦੇ "ਈਸ਼ਵਰ" 'ਖੜਗ'
ਕ੍ਰਿਪਾਨ ਵਾਲੀ ਸੈਨਾ (ਤਲਵਾਰ ਬੰਦ ਫੌਜ)
ਸ਼ਸ਼ਤ੍ਰਸ਼ੇਰ : ਸੰਗਯਾ - ਸ਼ਸ਼ਤ੍ਰਾਂ ਵਿਚੋਂ 'ਸਿੰਘ' ਸ਼ੇਰ ਰੂਪ 'ਕ੍ਰਿਪਾਨ' ਤਲਵਾਰ
(ਸ਼ਸ਼ਤਰ ਨਾਮ ਮਾਲਾ ਪਾ: ੧੦ - ਮਹਾਨ ਕੋਸ਼ ਪੰ : ੧੩੪)

ਸ਼ਸ਼ਤ੍ਰ : ਜੇ ਜੇ ਹੁਤੇ ਅਕਟੇ-ਵਿਕਟੇ ਸੁ ਕਟੇ,
ਕਾਲ 'ਕ੍ਰਿਪਾਨ ਕੇਮਾਰੇ ॥ (ਬਚਿਤ੍ਰ ਨਾਟਕ ਪਾ : ੧੦)

ਗਵਾਲ ਕਾਵਿ ਦਾ ਕਥਨ :

ਚੱਕ੍ਰ ਪਾਨਿ-ਪਾਨਿ ਮੇ ਤਿਹਾਰੇ ਸ੍ਰੀ ਗੋਬਿੰਦ ਸਿੰਘ, ਤੇਰੀ ਜੋ 'ਕ੍ਰਿਪਾਨ' ਪਰੈ ਜਾਂ ਪਰ-ਕ੍ਰਿਪਾ ਨ ਹ੍ਵੈ ਜੈ ॥

ਭਾਈ ਨੰਦ ਲਾਲ ਜੀ :

ਕੱਛ 'ਕ੍ਰਿਪਾਨ' ਨ ਕਬਹੁ ਤਿਆਗੈ ॥
ਸਨਮੁੱਖ ਲਰੈ - ਨ ਰਣ ਤੇ ਭਾਗੈ ॥

ਭਾਨ ਕਵੀ ਤਲਵਾਰ - ਕ੍ਰਿਪਾਨ ਦੇ ਕਈ ਨਾਮ ਉਚਾਰ ਕਰਦੇ ਹਨ

੧. ਸੀਲਮ ਔਰ ਹਰਿਦਾਰ, ਬੰਦਰੀ, ਹਲੱਬੀ ਪੱਟਾ,
ਮਾਨਸ਼ਾਹੀ ਖੰਡਾ-ਧੋਪ ਉਨਾ ਤੇਰਾ ਤਰਨੌਂ ॥

੨. ਮਿਸਰੀ- ਨਿਵਾਜਖਾਨੀ- ਗੁਪਤੀ ਜੁਨੱਬੀਖਾਨੀ,
ਇਲੇਮਾਨੀ-ਖੁਰਾਸਾਨੀ ਕੱਤ ਤੇਗ ਕਰਨੌ ॥



੩. ਸੈਫ-ਗੁਜਰਾਤੀ- ਅੰਗਰੇਜ਼ੀ, ਔ ਦੁੰਦਮੀ, ਰੂਸੀ,
ਮੱਕੀ ਮੈ ਦੁਧਾਰੀ, ਤਯੋਂ ਹੀ ਛੋਂਤ ਨਾਮ ਧਰਨੌਂ ॥

੪. ਗੁਰਦਾ-ਫਿਰੇਜ਼ਖਾਨੀ, ਮਗਰਬੀ ਔ ਸਿਰੋਹੀਂ,
'ਭਾਵ ਕਵਿ' - ਏਤੀ 'ਤਰਵਾਰਿ' ਜਾਤਿ ਬਰਨੈ ॥

ਸੋ ਉਪਰੋਕਤ ਉਦਾਹਰਨਾਂ ਦੇਣ ਦਾ ਭਾਵ 'ਕ੍ਰਿਪਾਨ ਇਸ਼ਟ' ਦੇ ਇਸ ਲੇਖ ਦੀ ਪੁਸ਼ਟੀ ਲਈ ਅੰਕਤ ਕੀਤੀਆਂ ਹਨ, ਭਾਵੇਂ ਹੋਰ ਭੀ ਬਹੁਤ ਸ਼ਸ਼ਤ੍ਰਾਂ ਬਾਰੇ ਵਿਸਥਾਰ ਦਿੱਤਾ ਜਾ ਸਕਦਾ ਸੀ। ਪਰ ਗ੍ਰੰਥ ਵਧਨ ਤੋਂ ਸੰਕੋਚ ਕੀਤਾ ਹੈ, ਵਿਦਵਾਨ-ਸਜਨ, "ਕ੍ਰਿਪਾਨ ਇਸ਼ਟ" ਦੀ ਲਿਖਤ ਨੂੰ ਸੁਖੈਣਤਾ ਨਾਲ ਸਮਝ ਲੈਣਗੇ ਅਤੇ ਵਧੇਰੇ ਖੋਜ-ਸਮਝਨ ਲਈ ਦਸਮ ਗ੍ਰੰਥ ਵਿਚ ਸ਼ਸ਼ਤ੍ਰ ਨਾਮ ਮਾਲਾ ਦਸ਼ਮੇਸ਼ ਜੀ ਦੀ ਉਦਾਹਰਨ ਪੜ੍ਹੋ।

## ਗੁਰਬਾਣੀ ਇਸ਼ਟ

ਇਸ ਬਾਰੇ ਪਿਛੇ ਵਿਸਥਾਰਪੂਰਵਕ ਲਿਖਿਆ ਗਿਆ ਪੜ੍ਹਿਆ ਹੋਵੇਗਾ ਪਰ 'ਕ੍ਰਿਪਾਨ ਇਸ਼ਟ' ਦੀ ਸ਼ੁਰੂਆਤ ਸਬੰਧੀ ਗੁਰਬਾਣੀ ਇਸ਼ਟ ਦਾ ਸੰਖੇਪ ਜਿਹਾ ਵਿਵਰਨ ਕਰਨਾ ਯੋਗ ਸਮਝ ਕੇ ਲਿਖਣਾ ਜ਼ਰੂਰੀ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਅਕਾਲ ਪੁਰਖ ਦੇ ਹੁਕਮਾਂ ਦੀ ਪੂਰਤੀ ਕਰਕੇ ਜਿਹਾ ਸਤਿਗੁਰਾਂ ਬਚਿੱਤਰ ਨਾਟਕ ਵਿਚ ਫੁਰਮਾਨ ਕੀਤਾ ਹੈ :

ਜੇ ਜੇ ਪਰਮ ਪੁਰਖ ਉਪਜਾਏ ॥
ਤਿਨ ਤਿਨ ਆਪਨੇ ਰਾਹ ਚਲਾਏ ॥......੨੯ ॥
ਸਭ ਨੇ ਆਪਨਾ ਨਾਮ ਜਪਾਯੋ ॥
"ਸਤਿਨਾਮ" ਕਾਹੂ ਨ ਦ੍ਰਿੜਾਯੋ ॥੩੭ ॥

ਹੇਮਕੁੰਟ ਤੇ ਤਪ ਸਾਧਤ ਜਦ ਅਕਾਲ ਪੁਰਖ ਨੇ ਮਹਾਨ ਤਪਸ੍ਵੀ (ਸ੍ਰੀ ਗੁਰੂ ਗੋਬਿੰਦ ਸਿੰਘ ਜੀ) ਨੂੰ ਬੁਲਾ ਕੇ ਫੁਰਮਾਇਆ ਸੀ :

ਸਭ ਆਪਨੀ ਆਪਨੀ ਉਰਝਾਨਾ ॥
ਪਾਰਬ੍ਰਹਮ ਕਾਹੂ ਨ ਪਛਾਨਾ ॥
ਤਪ ਸਾਧਤ 'ਹਰਿ' ਮੋਹਿ ਬੁਲਾਯੋ ॥
ਇਮ ਕਹਿ ਕੈ- ਇਹ ਲੋਕ ਪਠਾਯੋ ॥੨੮ ॥

---

* ਸੂਥੇ ਦੇ ਭਾਵ ਅਰਥ : ਧੀਰ ਮਲੀਆਂ ਦੀ ਇਹ ਗੱਲ ਸੁਣਕੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਫੁਰਮਾਇਆ, ਸਮਾਂ ਨਹੀਂ ? ਸਮਾ ਆਵਨ ਤੇ ਤਲਵੰਡੀ ਸਾਬੋ ਢਿੰਗ (ਪਾਸ) ਗੁਰੂ ਕੀ ਕਾਂਸ਼ੀ (ਉਹ ਪੰਡਤਾਂ ਦੀ ਕਾਂਸ਼ੀ ਵਿਦਿਆ ਦਾ ਘਰ) ਪਰ ਇਹ ਗੁਰੂ ਕੀ ਕਾਂਸ਼ੀ ਰਚਾਂਗੇ, ਜਿੱਥੇ ਬੈਲ ਬੁੱਧੀ ਭਾਵ ਮੰਦਬੁੱਧੀ ਵਾਲੇ ਭੀ ਪੜ੍ਹਨ ਨਾਲ ਆਤਮ ਗਿਆਨ ਦੀ ਪ੍ਰਾਪਤ ਕਰਕੇ ਆਪਣਾ ਉਧਾਰ ਕਰਵਾ ਲੈਣਗੇ।
ਇਹ ਗ੍ਰੰਥ ਅਸੀਂ ਉਥੇ (ਦਸਮੇਂ ਜਾਮੇ) ਵਿਚ ਉਚਾਰਨ ਕਰਾਂਗੇ ਉਸ ਗ੍ਰੰਥ ਦਾ ਜਗਤ ਵਿਚ ਵਿਸਥਾਰ-ਪੂਜਨ ਹੋਵੇਗੀ।
'ਅੱਛਰ ਏਕ ਕਾ ਭੇਦ ਧਰੋ' ਜਿਨਾ ਕਰਤਾਰਪੁਰੇ ਧੀਰ ਮਲੀਆਂ ਪਾਸ ਪੰਚਮ ਪਾਤਸ਼ਾਹ (ਅਗਲੇ ਪੰਨੇ 'ਤੇ)

ਅਕਾਲ ਪੁਰਖਬਾਚ॥

ਚੌਪਈ॥ ਮੈਂ ਅਪਨਾ 'ਸੁਤ' ਤੋਹਿ ਨਿਵਾਜਾ॥
'ਪੰਥ' ਪ੍ਰਚੁਰ ਕਰਬੇ ਕਉ ਸਾਜਾ॥
ਜਹਾ-ਤਹਾ ਤੈ ਧਰਮ ਚਲਾਇ॥
ਕਬੁਧਿ ਕਰਨ ਤੇ ਲੋਕ ਹਟਾਇ॥੨੯॥

**ਦੁਸ਼ਟ ਦਮਨ ਹੇਮਕੁੰਟ ਤੇ ਮਹਾਨ ਤਪਸ੍ਵੀ ਦੀ ਅਰਜ਼ :**

ਕਬਿ ਬਾਚ॥ ਦੋਹਰਾ॥
ਠਾਢ ਭਯੋ ਮੈ ਜੋਰਿ ਕਰ, ਬਚਨ ਕਹਾ ਸਿਰ ਨਿਯਾਇ॥
ਪੰਥ ਚਲੇ, ਤਬ ਜਗਤ ਮੈ, ਜਬ ਤੁਮ ਕਰਹੁ ਸਹਾਇ॥੩੦॥

(ਬਚਿਤ੍ਰ ਨਾਟਕ ੫; : ੧੦)

ਅਕਾਲ ਦੇ ਹੁਕਮਾਂ ਦੀ ਪੂਰਤੀ, ਪੰਥ ਸਾਜਨਾ-ਦੁਸ਼ਟ ਔਰੰਗਜ਼ੇਬ ਦਾ ਖਾਤਮਾ ਕਰਕੇ, ਜਹਾ ਤਹਾ-ਧਰਮ ਪ੍ਰਚੱਲਤ ਕਰਨਾ, ਇਹ ਸਾਰੇ ਹੁਕਮਾਂ ਦੀ ਸਰਬੰਸ ਦਾਨ ਕਰਕੇ ਪਾਲਣਾ ਕਰਦਿਆਂ, ਜ਼ੁਲਮੋ-ਸਿਤਮ ਲਈ ਭਿਆਨਕ ਤੋਂ ਭਿਆਨਕ ਜੰਗ ਕਰਦਿਆਂ ਅਨੇਕਾਂ ਜਫਰ ਜਾਲਦਿਆਂ ਅਕਾਲ ਪੁਰਖ ਦੇ ਹੁਕਮ-ਰਜ਼ਾ ਵਿਚ ਰਹਿੰਦਿਆਂ, ਸੱਚ ਦੀ ਵਿਜੈ (ਫ਼ਤਿਹ) ਪ੍ਰਾਪਤੀ ਕਰਕੇ, ਸ੍ਰੀ ਦਮਦਮਾ ਸਾਹਿਬ ਗੁਰੂ ਕਾਂਸੀ-ਤਲਵੰਡੀ ਸਾਬੋ (ਬਠਿੰਡਾ) ਪੁੱਜ ਕੇ ਪਹਿਲਾ ਅਕਾਲ ਪੁਰਖ ਇਸ਼ਟ ਅਤੇ ਦੂਸਰਾ ਖਾਲਸੇ ਪ੍ਰਤੀ ਦੂਸਰਾ ਇਸ਼ਟ ਗੁਰਬਾਣੀ ਦਾ ਸੰਗ੍ਰਹਿ ਕਰਨਾ, ਜਿਸ ਰਾਹੀਂ ਅਕਾਲ ਇਸ਼ਟ ਦੀ ਪੂਜਯ ਕਰਨੀ ਹੈ ਅਤੇ ਆਤਮ ਗਿਆਨ ਦੀ ਪ੍ਰਾਪਤੀ ਜੀਵਾਂ ਨੂੰ ਹੋਣੀ ਹੈ ਅਤੇ ਪ੍ਰਭੂ ਭਗਤੀ ਦੀ ਜੁਗਤੀ ਅਤੇ ਵਾਹਿਗੁਰੂ ਨਾਲ ਮਿਲਾਪ ਦਾ ਜੋ ਕਲਿਜੁਗ ਦਾ ਵਿਧਾਨ-ਨਿਯਮ-ਮਰਯਾਦਾ ਦਰਸਾਨ ਲਈ ਅਤੇ ਜੀਵਾਂ ਤੇ ਮਹਾਨ

---

ਜੀ ਦੀ ਬੀੜ ਦੇ ਦਰਸ਼ਨ ਨਹੀਂ ਕੀਤੇ, ਉਹ ਅਣਜਾਣਪੁਨੇ ਵਿਚ ਕਹਿ ਦੇਂਦੇ ਹਨ ਕਿ ਉਸ ਬੀੜ ਵਿਚ 'ਕਹੁ ਕਬੀਰ ਹਮ ਭਏ 'ਖਲਾਸੇ' ਤੇ ਦਸ਼ਮੇਸ਼ ਜੀ ਦੇ ਅੱਛਰ ਇਕ ਦਾ ਭੇਦ 'ਖਲਾਸੇ' ਦੇ ਕੰਨੇ ਨੂੰ ਬਦਲ ਕੇ 'ਕਹੁ ਕਬੀਰ ਹਮ ਭਏ ਖਾਲਸੇ' ਕੰਨੇ ਦਾ ਭੇਦ ਦਰਸਾਇਆ ਹੈ - ਪਰ ਇਹ ਨਹੀਂ ?

ਉਸ ਬੀੜ ਵਿਚ ਭੀ ਵੇਖਣ ਤੇ 'ਕਹੁ ਕਬੀਰ ਹਮ ਭਏ "ਖਾਲਸੇ" ਹੀ ਹੈ, ਪਰ ਅੱਛਰ ਏਕ ਦਾ ਭੇਦ ਭਾਈ ਸੰਤੋਖ ਸਿੰਘ ਜੀ ਲਿਖ ਰਹੇ ਹਨ ਸਤਿਗੁਰੂ ਉਚਾਰਨ ਕਰ ਰਹੇ ਹਨ 'ਹਰਿ ਗੋਬਿੰਦ ਜੀ' ਅਤੇ ਇਸ ਵਾਕ ਨੂੰ ਸੰਪੂਰਨ ਇਹ ਮਹਾਵਾਕ ਕਰ ਰਹੇ ਹਨ ਗੋਬਿੰਦ ਸਿੰਘ ਜੀ 'ਹਰਿ' ਦੀ ਥਾਵੇਂ ਸਿੰਘ ਬਦਲ ਗਿਆ ਗੋਬਿੰਦ ਉਹੋ ਰਿਹਾ। ਕਈ ਅਣਜਾਣ ਤੋਂ ਸਹੀ ਜਾਣਕਾਰੀ ਨ ਦਰਸਾਨ ਤੇ ਇਉਂ ਲਿਖਣਾ ਜ਼ਰੂਰੀ ਸਮਝਿਆ ਹੈ। ਭਾਈ ਕਾਹਨ ਸਿੰਘ ਨਾਭਾ ਮਹਾਨ ਕੋਸ਼ ਦੇ ਪੰਨਾ 437 ਤੇ ਲਿਖਦੇ ਹਨ : ਕਈ ਆਖਦੇ ਹਨ ਕਿ ਸੋਰਠਿ ਰਾਗ ਵਿਚ ਕਬੀਰ ਜੀ ਦੇ ਸ਼ਬਦ ਦੀ ਤੁਕ ਪਹਿਲਾਂ "ਖਾਲਸੇ" ਪਾਠ ਖਲਾਸੇ ਕਿ ਖਾਲਸੇ ਵਾਲੀ ਸੀ, ਕਲਗੀਧਰ ਨੇ "ਖਾਲਸੇ" ਸ਼ਬਦ ਬਦਲਿਆ ਹੈ, ਪਰ ਇਹ ਭੁਲ ਹੈ, ਕਬੀਰ ਜੀ ਦਾ ਪਹਿਲਾਂ ਹੀ ਪਾਠ "ਖਾਲਸੇ" ਹੈ।

ਸੋ ਬਦਲਿਆ ਹੋਇਆ ਹਰਿ ਗੋਬਿੰਦ ਤੋਂ ਹਰਿ ਅਖਰ ਦੀ ਥਾਵੇਂ ਗੋਬਿੰਦ ਸਿੰਘ 'ਹਰਿ' ਦੀ ਥਾਵੇਂ "ਸਿੰਘ" ਬਦਲ ਗਿਆ। ਭਾਈ ਸੰਤੋਖ ਸਿੰਘ ਜੀ ਦਾ ਕਥਨ ਸ੍ਵਯਾ ਇਸ ਅਖਰਾਂ ਦੇ ਬਦਲ ਵੱਲ ਹੈ, ਨਾ ਕਿ ਖਲਾਸੇ ਜਾਂ ਖਾਲਸੇ ਪ੍ਰਤੀ। ਭਾਈ ਕਾਹਨ ਸਿੰਘ ਜੀ ਤਸਦੀਕ ਕਰਦੇ ਹਨ ਕਿ ਉਸ ਬੀੜ ਵਿਚ ਭੀ 'ਖਾਲਸੇ' ਅੱਖਰ ਹੈ।



ਪ੍ਰਉਪਕਾਰ ਕਰਕੇ 'ਗੁਰ ਕੀ ਬਾਣੀ', ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪੂਰਨ ਬੀੜ ਰਚਨ ਕੀਤੀ, ਭਾਵੇਂ ਪੰਚਮ ਪਾਤਸ਼ਾਹ ਜੀ ਦੀ ਉਚਾਰਨ ਕੀਤੀ ਬੀੜ ਰਚੀ ਹੋਈ ਸੀ, ਜਿਸ ਬਾਰੇ ਭਾਈ ਸਾਹਿਬ ਭਾਈ ਸੰਤੋਖ ਜੀ ਸੂਰਜ ਪ੍ਰਕਾਸ਼ ਵਿਚ ਲਿਖਦੇ ਹਨ :

ਜਦ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਪਾ: ਛੇਵੀਂ ਨੇ ਧੀਰ ਮਲੀਆਂ ਪਾਸੋਂ ਬੀੜ ਮੰਗੀ ਸੀ ਤਾਂ ਅੰਦਰ ਈਰਖਾ ਦੀ ਜ੍ਵਾਲਾ ਵਿਚ ਤਲਖ਼ ਮਜ਼ਾਯੀ ਦੇ ਬਚਨ ਕਹੇ ਕਿ ਪਿਤਾ (ਸ੍ਰੀ ਗੁ ਅਰਜਨ ਦੇਵ ਜੀ ਮਹਾਰਾਜ ਦੀ ਗੱਦੀ ਤਾਂ ਪ੍ਰਾਪਤ ਕਰ ਲਈ ਹੈ ਤਾਂ ਬੀੜ ਭੀ ਉਚਾਰ ਲੈਣ, ਸਤਿਗੁਰਾਂ ਦੇ ਬਚਨ ਲਈ ਭਾਈ ਸੰਤੋਖ ਸਿੰਘ ਜੀ ਇਉਂ ਵਰਨਣ ਕਰਦੇ ਹਨ)

੧. ਸੁਣ ਕੇ ਹਮ ਤਾਹਿ ਕੇ ਬੈਨਣ ਕੋ,
ਦਮਦਮਾ ਸੋ-ਮਾਲਵੇ ਬੀਚ ਸਵਾਰੋ॥
੨. ਢਿੱਗ ਤਾਹਿ-ਤਲਵੰਡੀ ਕੇ ਕਾਂਸ਼ੀ ਰਚੋਂ,
ਜਹ 'ਬੈਲ' ਪੜ੍ਹੇ ਹੋਇ ਬੁਧ ਉਧਾਰੋ॥
੩. ਇਹ ਗ੍ਰੰਥ ਉਚਾਰ ਕਰੋ ਤਹਾਂ ਬੈਠ ਕੇ,
ਬੀੜ ਸੋਊ ਜਗ ਮਾਹਿ ਬਿਥਾਰੋ॥
੪. ਅੱਛਰ ਏਕ ਕਾ ਭੇਦ ਧਰੋ,
ਮਮਦਾਸ ਗੁਰੂ- ਸਮਰਥ ਬਿਚਾਰੋ॥

ਖਾਲਸਾ ਤਾਂ ਸਾਜਿਆ ਜਾ ਚੁੱਕਾ ਸੀ - ਜੇ ਅਕਾਲ ਪੁਰਖ ਦਾ ਹੁਕਮ ਪੰਥ ਪ੍ਰਚੁਰ ਕਰਨ ਦਾ ਸੀ। ਪਰ ਉਹ ਖਾਲਸਾ ਜੋ

ਖ਼ਾਲਸਾ- ਅਕਾਲ ਪੁਰਖ ਕੀ ਫੌਜ॥
ਪ੍ਰਗਟਿਓ ਖ਼ਾਲਸਾ ਆਕਾਲ ਪ੍ਰਮਾਤ੍ਮ ਕੀ ਮੌਜ॥ (ਸ੍ਰੀ ਸਰਬ ਲੋਹ ਗ੍ਰੰਥ ਪਾ : ੧੦)

ਖ਼ਾਲਸਾ ਜੋ ਅਕਾਲ ਪੁਰਖ ਦੀ ਫੌਜ ਹੈ, ਨੂੰ ਆਤਮਕ ਗਿਆਨ ਸ਼ਕਤੀ- ਪ੍ਰਭੂ ਮਿਲਾਪ ਦੀ ਯੁਕਤ ਦਰਸਾਨ ਲਈ ਗੁਰੂ ਰੂਪ ਬਾਣੀ ਦਾ ਸੰਪੂਰਨ ਉਚਾਰਨ, ਇਸ ਦਮਦਮਾ ਸਾਹਿਬ ਦੀ ਧਰਤੀ 'ਤੇ ਆਪ ਜੀ ਨੇ ਸੰਮਤ ੧੭੯੨-੯੩ ਬਿਕ੍ਰਮੀ ਵਿਚ ਉਚਾਰਨ ਕਰਕੇ ਭਾਈ ਮਨੀ ਸਿੰਘ ਜੀ ਤੇ ਬਾਬਾ ਦੀਪ ਸਿੰਘ ਜੀ ਰਾਹੀਂ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਲਿਖਵਾਉਣੀ ਕੀਤੀ।

ਪਿੱਛੇ ਲਿਖਿਆ ਪੜ੍ਹ ਚੁੱਕੇ ਹੋ ਕਿ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਦਾ ਫੁਰਮਾਣ, ਇਹ ਬੀੜ ਕਿਥੇ ਤੇ ਕਦੋਂ ਉਚਾਰਨ ਕਰਾਂਗੇ, ਇਸ ਤਰ੍ਹਾਂ ਦਸ਼ਮੇਸ਼ ਜੀ ਨੇ ਜਦ ਧੀਰ ਮਲੀਏ ਪਾਸੋਂ ਬੀੜ ਮੰਗੀ - ਜਿਸ ਦਾ ਗਿਆਨੀ ਗਿਆਨ ਸਿੰਘ ਜੀ ਪੰਥ ਪ੍ਰਕਾਸ਼ ਦੇ ਪੰਨਾ ੩੧ 'ਤੇ ਲਿਖਦੇ ਹਨ :

ਦੋਹਰਾ॥
ਆਨੰਦ ਪੁਰ ਮੈ ਇਕ ਬਿਰ ਦਸਮ ਗੁਰੂ ਨੇ ਚੇਤ॥
ਪੰਚਮ ਗੁਰ ਕੇ ਗ੍ਰੰਥ ਕੋ ਦਰਸਨ ਕਰਨੇ ਹੇਤ॥੧੧॥

ਚੌਪਈ ॥

ਧੀਰਮਲ ਕੇ ਥਾ ਜੋ ਪਾਸ ॥ ਮਾਗ ਭੇਜਯੋ-ਸ੍ਰੀ ਗੁਰ ਖਾਸ ॥
ਤਿਨ ਨੇ ਤਾਨ੍ਹੇ ਸਾਥ ਜਵਾਬ ॥ ਦੀਨਾ ਅੱਗਯੋ ਐਸ ਸਿਤਾਬ ॥
ਪੰਥ ਚਲਾਯੋ ਜੈਸੇ ਨਯੋ ॥ ਕਿਉਂ ਨਾ ? ਗ੍ਰੰਥ ਉਚਾਰ ਇਹ ਲਯੋ ॥
ਫੁਰਸਤ ਮਿਲੀ ਨਾਹਿ ਥੀ ਤਬੈ ॥ ਸਾਚ ਕਰਨ ਸੋ ਚਾਹਿਓ ਅਬੈ ॥
ਅਬ ਦਰਬਾਰ ਦਮਦਮਾ ਜਹਾਂ ॥ ਤੰਬੂ ਲਗਵਾਏ ਕੇ ਗੁਰ ਤਹਾਂ ॥
ਮਨੀ ਸਿੰਘ ਕੋ ਲਿਖਨ ਬਿਠੈ ਕੈ ॥ ਗੁਰ ਨਾਨਕ ਕਾ ਧਿਆਨ ਧਰੈ ਕੈ ॥
ਨਿਤ ਪ੍ਰਤਿ ਗੁਰੂ ਉਚਾਰੀ ਜੈਸੇ ॥ ਬਾਣੀ ਲਿਖੀ ਮਨੀ ਸਿੰਘ ਤੈਸੇ ॥
ਬੀੜ ਆਦਿ ਗੁਰੂ ਗ੍ਰੰਥ ਜੇਹੀ ॥ ਕਰੀ ਦਸਮ ਗੁਰ ਤਿਆਰ ਉਜੇਹੀ ॥

**ਬੀਬਾ ਦੀਪ ਸਿੰਘ ਜੀ ਨੇ ਚਾਰ ਬੀੜਾਂ ਦਾ ਉਤਾਰਾ ਕਰਕੇ ਲਿਖੀਆਂ**

ਔਰ ਚਾਰ ਤਿਸ ਪਰਤੈ ਭਾਏ ॥ ਦੀਪ ਸਿੰਘ ਸ਼ਹੀਦ ਲਿਖਾਏ ॥
ਇਕ ਅਕਾਲ ਬੁੰਗੇ-ਇਕ ਪਟਨੇ ॥ ਤ੍ਰਿਤੀ ਹਜ਼ੂਰ ਦਯੋ ਹਿਤ ਪਚਨੇ
ਚਤ੍ਰਥ ਰਖਯੋ ਦਮਦਮੇ ਚਾਹਿ ॥ ਬਡ ਬਾਬੇ ਇਹ ਚਾਰ ਸਦਾਹਿ ॥
ਅਸਲ ਦਸਮ ਗੁਰ ਵਾਲਾ ਗ੍ਰੰਥ ॥ ਰਹਿਓ ਬ੍ਰਿਧ ਦਲ ਪੈ ਮਧ ਪੰਥ ॥
ਘੱਲੂ ਘਾਰਾ ਜਬ ਬਡ ਥੀਓ ॥ ਗ੍ਰੰਥ ਦੁਰਾਨੀ ਸਹਿ ਸੋ ਲੀਓ ॥

ਸਤਿਗੁਰਾਂ ਇਹ ਬੀੜ ਰਚ ਕੇ, ਜਿਸ ਦੇ ਚਾਰ ਉਤਾਰੇ ਬਾਬਾ ਦੀਪ ਸਿੰਘ ਨੇ ਕੀਤੇ, ਇਕ ਬੀੜ, ਅਕਾਲ ਬੁੰਗੇ (ਅਕਾਲ ਤਖ਼ਤ ਮਾ: ਅੰਮ੍ਰਿਤਸਰ) ਦੂਸਰੀ ਪਟਨਾ ਸਾਹਿਬ-ਤੀਸਰੀ ਹਜ਼ੂਰ ਸਾਹਿਬ-ਚੌਥੀ ਦਮਦਮਾ ਸਾਹਿਬ ਭੇਟ ਕੀਤੀਆਂ।

ਦਾਸ ਨੇ ਸ੍ਰੀ ਹਜ਼ੂਰ ਸਾਹਿਬ ਬਾ. ਦੀਪ ਸਿੰਘ ਜੀ ਵਾਲੀ ਬੀੜ ਦੇ ਦਰਸ਼ਨ ਕੀਤੇ, ਲਿਖਤ ਦੀ ਤੇ ਹਾਸ਼ੀਏ ਦੀ ਕਲਾ ਕ੍ਰਿਤੀ ਦੀ ਕੇਹੜੇ ਅਖ਼ਰਾਂ ਨਾਲ ਸਿਫ਼ਤ ਕਰਾਂ ਕਥਨ ਤੋਂ ਬਾਹਰੀ ਹੈ। ਲਿਖਤ ਆਦਿ ਤੋਂ ਅੰਤ ਤੱਕ ਇਕੋ ਕਲਮ ਹੀ ਦਰਸਾਂਦੀ ਸੀ ਅਤੇ ਲਿਖਤ ਭੀ ਪ੍ਰੈਸ ਅੱਖਰਾਂ ਵਾਂਗ ਬੜੇ ਸੁਥਰੇ ਜੋ ਆਮ ਆਦਮੀ ਭੀ ਪੜ੍ਹ ਸਕਦਾ ਸੀ - ਪਰ ਹੈ ਸੀ ਲੜੀਵਾਰ-ਜੁੜਵੇਂ ਅੱਖਰਾਂ ਵਿਚ।

ਪੰਨਿਆਂ ਤੋਂ ਚਾਰੋਂ ਤਰਫ਼ ਸੁਨਹਿਰੀ (ਸਿਉਨੇ) ਦੀਆਂ ਵੇਲਾਂ ਦਰਸਾਈਆਂ ਸਨ ਕਿ ਕਲਾਕ੍ਰਿਤੀ ਵਿਚ ਬਾਬਾ ਦੀਪ ਸਿੰਘ ਜੀ ਮਹਾਨ ਗਿਆਨਵਾਨ ਸਨ। ਇਹ ਹੋਰ ਖ਼ੂਬੀ ਹਰ ਪੰਨੇ ਵੇਲ ਇਕ ਨਾਲੋਂ ਇਕ ਵੱਖਰੀ ਸੀ- ਬਾਕੀ ਅਸਥਾਨਾਂ ਤੇ ਦਰਸ਼ਨ ਤਾਂ ਨਹੀਂ ਹੋਇ ਸਚਖੰਡ ਹਜ਼ੂਰ ਸਾਹਿਬ ਦੀ ਬੀੜ ਦੀਪ ਮਾਲਾ ਤੇ ਸ਼ਸ਼ਤ੍ਰਾਂ ਦੀ ਸਫਾਈ ਨਾਲ ਇਸ ਦੇ ਦਰਸ਼ਨ ਭੀ ਕਰਵਾਏ ਜਾਂਦੇ ਸਨ ਪਰ ਹੁਣ ਪਤਾ ਨਹੀਂ ? ਗੁਰੂ ਕਲਗੀਧਰ ਜੀ ਨੇ ਢਕਾਂ ਸੋਧਣ ਪੰਜ ਪਿਆਰੇ ਬੰਦੇ ਬਹਾਦਰ ਨਾਲ ਭੇਜੇ - ਤਾਂ ਇਹ ਬੀੜ ਗੁਰ ਖਾਲਸੇ ਨੂੰ ਧੌਂਸੇ ਨਿਸਾਨ ਸਹਿਤ ਦੇ ਕੇ ਫੁਰਮਾਇਆ ਸੀ - ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬੇ ਪੰਜ ਪਿਆਰੇ ਅਰਦਾਸ ਕਰਕੇ ਹੁਕਮਨਾਮਾ ਲੈ ਕੇ ਗੁਰਮਤਾ ਸੋਧ ਕੇ ਢੱਕਾਂ ਸੋਧਿਆ ਕਰਨੀਆਂ।

ਇਹ ਦਸ਼ਮੇਸ਼ ਜੀ ਦੀ ਰਚੀ ਬੀੜ- ਗੁਰੂ ਪੰਥ ਖਾਲਸੇ ਪਾਸ ਕੁਪ-ਰਹੀੜੇ (ਲੁਧਿਆਣਾ-ਮਲੇਰਕੋਟਲਾ ਸੜਕ-ਅਕਬੁਰਪੁਰ ਤੋਂ ਲਹਿੰਦੇ ਕੁੱਪ ਹਰੀੜੇ ਦਾ ਥੇਹ ਤੇ ਅਹਿਮਦਸ਼ਾਹ ਦੁਰਾਨੀ



ਨਾਲ ਮਹਾਨ ਭਿਆਨਕ ਯੁੱਧ) ਜਿਸ ਵਿਚ ਪ੍ਰਵਾਰਾਂ ਸਮੇਤ ਬੱਚੇ-ਬਿਰਧ-ਬੀਬੀਆਂ-ਸਿੰਘ ਸੂਰਮੇ ਪੰਦਰਾਂ ਵੀਹ ਹਜ਼ਾਰ ਦੇ ਲਗਭਗ ਸ਼ਹੀਦ ਹੋਇ ਬੀੜ ਦੀ ਸੰਭਾਲ ਲਈ ਬੜੇ ਯਤਨ ਕੀਤੇ, ਪਰ ਸਿੰਘਾਂ ਹੱਥੋਂ ਬੀੜ ਨਿਕਲ ਗਈ ਜਿਸ ਦਾ ਅੱਜ ਤੱਕ ਸਹੀ ਖੋਜ-ਖੁਰਾ ਨਹੀਂ ਮਿਲ ਰਿਹਾ-ਗਿਆਨੀ ਗਿਆਨ ਲਿਖਦੇ ਹਨ :

ਘੱਲੂਘਾਰਾ ਜਬ ਬਡ ਸੀਓ ॥ ਗ੍ਰੰਥ ਦੁਰਾਨੀ ਸਹਿ ਸੋ ਲੀਓ ॥
ਅਬ ਸੋਹੈ ਕਾਬਲ ਮਧ ਜਾਨੋ ॥ ਬਡੀ ਧਰਮ ਸਾਲਾ ਮੈ ਜਾਨੋ ॥੧੭ ॥

(ਪੰਥ ਪ੍ਰਕਾਸ਼ ਪੰ : ੩੧੯)

ਪਰ ਭਾਈ ਕਾਨ੍ਹ ਸਿੰਘ ਜੀ ਮਹਾਨ ਕੋਸ਼ ਦੇ ਪੰ. 437 ਤੇ ਕਾਬਲ ਵਿਚ ਬੀੜ ਹੈ, ਨੂੰ ਖੰਡਨ ਕਰਕੇ, ਲਿਖਦੇ ਹਨ।

ਇਹ ਦਮਦਮੇ ਵਾਲੀ ਬੀੜ-ਸੰਮਤ ੧੮੧੭ ਵਿਚ ਕੁਪ ਰਹੀੜੇ ਦੇ ਜੰਗ "ਵੱਡੇ ਘਲੂਘਾਰੇ" ਵਿਚ ਖਾਲਸਾ ਦਲ ਦੇ ਹਥੋਂ* ਜਾਂਦੀ ਰਹੀ।

## ਦਖਣ ਦੇ ਪਯਾਨੇ

ਆਦਿ ਬੀੜ ਰਚ ਕੇ ਸਤਿਗੁਰੂ-ਨਿਰੰਕਾਰ ਦੇ ਹੁਕਮਾਂ ਦੀ ਪੂਰਤੀ ਕਰਕੇ ਆਪਣੇ ਸਤਿਜੁਗ ਦੇ ਤਪ ਅਸਥਾਨ (ਜਿੱਥੋਂ ਪ੍ਰਭੂ ਮਿਲਾਪ ਲਈ) ਤਪ ਅਰੰਭ ਕੀਤਾ ਸੀ, ਗੋਦਾਵਰੀ ਕੰਢੇ, ਜੋ ਅੱਜ ਕੱਲ੍ਹ "ਨਾਦੇੜ" ਸ਼ਹਿਰ ਦੇ ਨਾਮ ਨਾਲ ਜਾਣਿਆ ਜਾਂਦਾ ਹੈ, ਉਸ ਦੱਖਣ ਦੇਸ ਵੱਲ ਪਯਾਨੇ ਕਰ ਲਏ।

**ਨਾਦੇੜ ਜਾਣ ਦੇ ਕਈ ਕਾਰਨ ਸਨ :**

੧. ਆਪਣਾ ਤਪ ਅਸਥਾਨ ਪ੍ਰਗਟ ਕਰਨਾ

੨. ਜਗਤ ਮਾਤਾ ਸਾਹਿਬ ਕੌਰਾਂ ਜੋ ਅਕਾਲ ਪੁਰਖ ਦੀ ਆਦਿ ਸ਼ਕਤੀ (ਏਕਾ ਮਾਈ ਜੁਗਤਿ ਵਿਆਈ ਤਿੰਨ ਚੇਲੇ ਪਰਵਾਨ) ਜਪੁਜੀ ਸਾਹਿਬ ਵਿਚ ਫੁਰਮਾਇਆ। ਉਹਨਾਂ ਸਤਿਜੁਗ ਦਾ ਆਪਣਾ ਅਸਥਾਨ ਪ੍ਰਗਟ ਕਰਨ ਲਈ ਸਤਿਗੁਰਾਂ ਨਾਲ ਗਏ ਸਨ।

੩. ਸਤਿਗੁਰੂ ਨਾਨਕ ਸਾਹਿਬ ਜੀ ਦਾ ਮਾਲਟੇਕਰੀ ਖਜ਼ਾਨੇ ਤੋਂ ਢਾਲਾ ਨਾਲ ਫੌਜਾਂ ਨੂੰ ਮੋਹਰਾ ਵੰਡਣੀਆਂ ਸਤਿਗੁਰਾਂ ਦਾ ਅਮੁਲ ਖਜ਼ਾਨਾ ਦਰਸਾਉਣਾ।

੪. ਬਹਾਦਰਸ਼ਾਹ ਦਾ ਢੱਕਾਂ ਤੋਂ ਮੁਨਕਰ ਦਾ ਹੀਰਾ ਪੇਸ਼ ਕਰਕੇ ਸਤਿਗੁਰਾਂ ਨੂੰ ਖੁਸ਼ ਕਰਨ, ਨੂੰ ਠੁਕਰਾ ਕੇ ਗੋਦਾਵਰੀ ਵਿਚ ਲੱਖਾਂ, ਕਰੋੜਾਂ ਹੀਰੇ ਅਗਮੀ ਖਜ਼ਾਨਾ ਦਰਸਾਣਾ।

੫. ਨਗੀਨਾ ਘਾਟ ਭੀ- ਅਗੰਮੀ ਖਜ਼ਾਨਾ ਅਮਾਨਤ ਪਿਆ ਦਰਸਾਣਾ

* ਹੇਠਾਂ ਟੂਕ ਵਿਚ ਭਾਈ ਸਾਹਿਬ ਲਿਖਦੇ ਹਨ - (ਪੰਨਾ 437 ਮਹਾਨ ਕੋਸ਼)
ਕਈ ਲੇਖਕ ਲਿਖਦੇ ਹਨ ਕਿ ਅਸਲ ਬੀੜ ਦਸ਼ਮੇਸ਼ ਦੀ ਰਚਿਤ ਕਾਬਲ ਹੈ। ਪਰ ਅਸਾਂ ਗਵਰਮੈਂਟ ਦੀ ਮਾਰਫ਼ਤ ਪੂਰਾ ਨਿਰਣਾ ਕਰ ਲੀਤਾ ਕਿ ਕਾਬਲ ਵਿਚ ਉਹ ਬੀੜ ਨਹੀਂ ਹੈ।

੬. ਗੁਰੂ ਖਾਲਸੇ ਨੂੰ ਆਪਣੇ ਤੋਂ ਬਾਅਦ ਗੁਰਗੱਦੀ - ਗੁਰੂ ਗ੍ਰੰਥ ਸਾਹਿਬ ਅਤੇ ਪੰਥ-ਪੰਜ ਪਿਆਰਿਆਂ ਨੂੰ ਸੌਂਪਣੀ ਅਤੇ ਮਨੁੱਖ ਜਾਮੇਂ ਦੀ ਗੁਰਤਾ ਸਮਾਪਤ ਕਰਕੇ ਸ਼ਬਦ ਗੁਰੂ ਨੂੰ ਖਾਲਸਾ ਨੂੰ ਦਰਸਾ ਕੇ ਝਿਸ਼ਟ ਦਰਸਾਣਾ।

੭. ਢੱਕਾਂ ਤੋਂ ਬਹਾਦਰਸ਼ਾਹ ਮੁਨਕਰ ਹੋ ਜਾਣ ਤੇ ਬੰਦਾ ਬਹਾਦਰ ਨੂੰ ਅੰਮ੍ਰਿਤ ਛਕਾ-ਗੁਰਬਖਸ਼ ਸਿੰਘ ਨਾਮ ਰੱਖ ਢੱਕਾਂ ਸੋਧਨ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਪ੍ਰਤੱਖ ਗੁਰੂ ਜਾਣ ਪੰਜਾਂ ਸਿੰਘਾਂ ਦੀ ਤਾਬੇ - ਗੁਰੂ ਅੱਗੇ ਅਰਦਾਸ ਕਰ, ਗੁਰਮਤਾ ਪੰਜਾ ਦੀ ਤਾਬੇ ਕਾਰ ਕਰਨੀ ਦੇ ਹੁਕਮ ਕਰ ਪੰਜਾਬ ਨੂੰ ਭੇਜਨੇ ਕਿਉਂਕਿ ਜ਼ਾਲਮਾਂ ਨੂੰ ਕੀਤੇ ਦਾ ਫਲ ਤਾਂ ਭੁਗਤਾਣਾ ਜ਼ਰੂਰੀ ਸੀ। ਇਹ ਕਾਰਨ ਸਨ ਜਿਨ੍ਹਾਂ ਕਾਰਨਾਂ ਕਰਕੇ ਸਤਿਗੁਰੂ ਦੱਖਣ ਦੇਸ ਪਯਾਨੇ ਕੀਤੇ।

ਸਭ ਤੋਂ ਪਹਿਲਾਂ, ਨਾਦੇੜ ਸ਼ਹਿਰ ਤੋਂ 8 ਮੀਲ ਚੜ੍ਹਦੇ - ਗੋਦਾਵਰੀ ਕੰਢੇ ਪਿੰਡ ਬਾਮਨ ਵਾੜਾ ਹੁਣ ਗੁਰਦੁਆਰਾ ਹੀਰਾ ਘਾਟ ਹੈ, ਜਾ ਬਿਰਾਜਮਾਨ ਹੋਇ ਅਤੇ ਜਗਤ ਮਾਤਾ* ਸਾਹਿਬ ਕੌਰਾਂ ਦਾ ਆਸਨ (ਮੌਜੂਦਾ ਗੁਰਦੁਆਰਾ ਮਾਤਾ ਸਾਹਿਬ ਕੌਰ ਜੀ) ਜੋ ਹੀਰਾ ਘਾਟ ਤੋਂ ਚੜ੍ਹਦੇ ਦੋ ਫਰਲਾਗ 'ਤੇ ਹੈ - ਡੇਰਾ ਕਰਵਾਇਆ ਤੇ ਇੱਥੇ ਲੰਗਰ ਸਜਦਾ।

ਇੱਥੋਂ ਹੀ ਸਿਆਲਕੋਟ ਵਾਲੇ ਸਚ ਤੇ ਝੂਠ ਮਰਦਾਨੇ ਨੂੰ ਦਰਸਾਨ ਵਾਲੇ 'ਮੂਲੇ ਖਤ੍ਰੀ" ਦਾ ਜੋ ਸਹੇ ਦੀ ਜੂਨੋ ਉਦਾਰ ਕੀਤਾ - ਜੋ ਮਾਤਾ ਜੀ ਦੇ ਅਸਥਾਨ ਤੋਂ 2-3 ਕਿਲੋਮੀਟਰ

* ਮਾਤਾ ਸਾਹਿਬ ਕੌਰ : ਸਤਿਗੁਰਾਂ ਜੋ ਜਣਾਇਆ ਮਾਤਾ ਜੀ ਦੇ ਅਸਥਾਨ ਤੇ ਬੋਰਡ ਤੇ ਲਿਖਿਆ ਇਤਿਹਾਸ ਤੋਂ ਸਾਰੀ ਜਾਣਕਾਰੀ ਹੋ ਸਕਦੀ ਹੈ - ਪਰ ਸੰਖੇਪ ਜਿਹਾ ਲਿਖ ਰਿਹਾ ਹਾਂ। ਨਿਰੰਕਾਰ ਅਕਾਲ ਪੁਰਖ ਨੇ ਦੁਸ਼ਟ ਦਮਨ (ਹੇਮਕੁੰਟ ਦੇ ਤਪਸ੍ਵੀ ਨੂੰ) ਅਕਾਲ ਫੌਜ ਤਿਆਰ ਕਰਨ ਸਮੇਂ ਫੁਰਮਾਇਆ - "ਮੈਂ ਆਪਣਾ ਸੁਤ ਤੋਹਿ ਨਿਵਾਜਾ" ਇਹ ਭੀ ਹੁਕਮ ਕੀਤਾ ਕਿ ਆਪ ਨੂੰ "ਪੰਥ ਪ੍ਰਚਾਰ ਕਰਬੇ ਕਉ ਸਾਜਾ" ਜ਼ਰਾ ਡੂੰਘਾਈ ਨਾਲ ਵਿਚਾਰੀਏ ਕਿ ਖਾਲਸਾ ਸਾਜਨਾ ਲਈ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤਾਂ ਫੁਰਮਾ ਰਹੇ ਹ ਕਿ "ਦੁਵੈ ਤੇ ਏਕ ਰੂਪ ਹੋਇ ਗਇਓ" ਭਾਵ ਅਕਾਲ ਪੁਰਖ ਵਿਚ ਹੀ ਲੀਣ ਹੋ ਜਾਣ ਤੇ ਪ੍ਰਭੂ ਰੂਪ ਹੋ ਗਏ, ਗੁਰਬਾਣੀ ਦਾ ਫੁਰਮਾਣ ਹੈ ਕਿ :

*ਮਾਤ-ਪਿਤਾ ਬਿਨ ਬਾਲਿ ਨ ਹੋਈ॥*

ਤਾਂ ਤੇ ਖਾਲਸੇ ਦਾ ਪਿਤਾ ਚਾਰ ਜੁਗ ਦਾ ਤਪਸ੍ਵੀ ਅਤੇ ਪ੍ਰਭੂ ਸਰੂਪ-ਅਕਾਲ ਪੁਰਖ-ਮਹਾਨ ਸ਼ਕਤੀ ਦੇ ਮਾਲਕ ਸਪੂਤ ਕਹਿ ਭੇਜ ਰਹੇ ਹਨ ਪਰ ਮਾਤਾ ਸੰਸਾਰਕ ਸਰੀਰਕ ਹੋਣਾ ਸੰਮਿਲਤ ਨਹੀਂ ਬਣਦਾ, ਕਿਉਂਕਿ ਅਕਾਲ ਪੁਰਖ ਦੀ ਫੌਜ ਦੀ ਰਚਨਾ-ਮਾਤ-ਪਿਤਾ ਇਕ ਮਹਾਨ ਸ਼ਕਤੀਸ਼ਾਲੀ ਹੋਣਾ ਜ਼ਰੂਰੀ ਸੀ। ਸੋ ਮਾਤਾ ਜੀ, ਅਕਾਲ ਪੁਰਖ ਦੀ ਹੀ ਸ਼ਕਤੀ ਸੀ ਜੋ ਸਤਿਜੁਗ ਤੋਂ ਹੀ ਦੈਂਤਾਂ ਦੁਸ਼ਟਾਂ ਦਾ ਨਾਸ਼ ਕਰਦੇ ਆਏ ਸਨ।

ਬ੍ਰਹਮ ਗਿਆਨੀ ਬਾਬਾ ਮਿੱਤ ਸਿੰਘ ਜੀ ਨਿਹੰਗ ਸਿੰਘ ਬੁੱਢਾ ਦਲ, ਜਿਨਾਂ ਸੱਚ ਖੰਡ ਹਜ਼ੂਰ ਸਾਹਿਬ ਇਸ ਮਾਤਾ ਜੀ ਦੇ ਅਸਥਾਨ ਨੂੰ ਆਬਾਦ ਕਰਨ ਦੇ ਪਹਿਲੇ ਸੰਚਾਲਕ ਸਨ (ਜਿਨ੍ਹਾਂ ਦੀ ਚਰਨ ਧੂੜ ਪਰਸਨ ਲਈ ਦਾਸ ਨੂੰ 1935 ਤੋਂ 1940 ਤੱਕ ਅਵਸਰ ਪ੍ਰਾਪਤ ਹੋਇਆ) ਉਹਨਾਂ ਤੋਂ ਮਿਲੀ ਜਾਣਕਾਰੀ ਇਸ ਪ੍ਰਕਾਰ ਹੈ।

ਜਦ ਸੁੰਭ ਤੇ ਨਿਸ਼ੰਭ ਨਾਲ ਚੰਡਕਾ-ਦੁਰਗ-ਭਗਉਤੀ ਦਾ ਜੰਗ ਹੋ ਰਿਹਾ ਸੀ ਤਾਂ ਇਹਨਾਂ ਦੀ ਫੌਜ ਵਿਚ ਇਕ ਰਕਤ ਬੀਜ ਦੈਂਤ, ਜਿਸ ਨੇ ਸ਼ਿਵਜੀ ਪਾਸੋਂ ਵਰ ਪ੍ਰਾਪਤ ਕੀਤਾ ਸੀ ਕਿ ਮੇਰੇ ਰੱਤ ਦੇ ਤੁਪਕੇ ਜਿਨੇ ਧਰਤੀ 'ਤੇ ਡਿੱਗਣ ਮੇਰੇ ਜੇਹੇ ਉਤਨੇ ਦੈਂਤ ਹੋਰ ਪੈਦਾ ਹੋ ਜਾਣ- ਚੰਡੀ ਉਕਤ ਬਿਲਾਸ ਵਿਚ ਦਸ਼ਮੇਸ਼ ਜੀ ਲਿਖਦੇ ਹਨ ਕਿ 100 ਮੀਲ ਵਿਚ ਰਕਤ ਬੀਜ ਜੇਹੀ ਫੌਜ ਤਿਆਰ ਹੋ ਗਈ (ਅਗਲੇ ਪੰਨੇ 'ਤੇ)



ਚੜ੍ਹਦੇ ਦਖਣ ਕੋਨ-ਗੋਦਾਵਰੀ ਕੰਢੇ ਗੁਰਦੁਆਰਾ ਸ਼ਿਕਾਰਘਾਟ ਹੈ। ਪੁਲ ਦੇ ਰਸਤੇ ਇਹ ਅਸਥਾਨ ਹੁਣ ਪਹਿਲਾਂ ਆਉਂਦਾ ਹੈ। ਸਤਿਗੁਰੂ ਜਗਤ ਮਾਤਾ ਮਾਤਾ ਸਾਹਿਬ ਕੌਰਾਂ ਜੀ ਨੂੰ ਅਸਥਾਨ ਪ੍ਰਗਟਾਨ ਉਪਰੰਤ (ਬਾਮਨਵਾੜੇ) ਤੋਂ ਹੀ ਦਿੱਲੀ ਭੇਜ ਕੇ ਆਪ ਨਾਦੇੜ ਦੀ ਧਰਤੀ ਨੂੰ ਚਾਲੇ ਪਾਏ।

**ਢਾਲਾਂ ਨਾਲ ਮੋਹਰਾਂ ਵੰਡਣੀਆਂ**

ਗੁਰਦੁਆਰਾ ਸੰਗਤ ਸਾਹਿਬ ਪਹੁੰਚ ਕੇ ਮਾਲ ਟੇਕਰੀ ਤੋਂ ਪੁਰਾਤਨ ਦਬੇ ਖਜ਼ਾਨੇ 'ਚੋਂ ਮੋਹਰਾ ਮੰਗਵਾ ਕੇ ਢਾਲਾਂ ਨਾਲ ਆਪਣੇ ਸੂਰਮਿਆਂ ਨੂੰ ਤਲਬਾਂ ਦੇ ਕੇ ਬਚੀਆਂ ਮੋਹਰਾਂ ਮਾਲ ਟੇਕਰੀ ਦਬਾ ਕੇ, ਇੱਥੋਂ ਨਗੀਨਾ ਘਾਟ ਆ ਡੇਰੇ ਲਾਏ।

**ਨਗੀਨਾ-ਗੋਦਾਵਰੀ ਭੇਟਾ- ਬੰਦੇ ਬਹਾਦਰ ਦਾ ਨਾਟਕ ਬੰਦ ਕਰਨਾ ਅਤੇ ਤੀਰ ਕਮਾਨ ਦੀ ਪਰਖ**

ਗੁਰਦੁਆਰਾ ਨਗੀਨਾ ਘਾਟ, ਇਕ ਪ੍ਰੇਮੀ ਨੇ ਨਗੀਨਾ ਪੇਸ਼ ਕਰਨ ਤੇ ਗੋਦਾਵਰੀ ਵਿਚ ਸੁੱਟਣ ਤੇ ਪ੍ਰੇਮੀ ਦੀ ਪਰੇਸ਼ਾਨੀ ਵੇਖਦਿਆਂ ਸਤਿਗੁਰਾਂ ਕਿਹਾ! ਭਾਈ ਕਿਉਂ ਪਰੇਸ਼ਾਨ ਹੁੰਦਾ ਹੈ, ਜਾਹ ਆਪਣਾ ਨਗੀਨਾ ਕੱਢ ਲਿਆ - ਜਦ ਬੁੱਕ ਭਰਿਆ ਤਾਂ ਉਸ ਤੋਂ ਭੀ ਵੱਧ ਚਮਕੀਲੇ ਨਗੀਨੇ ਵੇਖ ਹੈਰਾਨ ਹੋ ਗਿਆ- ਭਾਈ ਸਾਡੀ ਗੋਦਾਵਰੀ ਪਾਸ ਅਮਾਨਤ ਨਾ ਛੋੜੀਂ ? ਸੰਗਤ ਹੈਰਾਨ! ਉਥੇ ਬਹਾਦਰਸ਼ਾਹ ਦਾ ਹੀਰਾ ਗੋਦਾਵਰੀ ਵਿਚ ਸੁੱਟ ਐਥੇ ਨਗੀਨਾ ਕਹਿੰਦੇ ਹਨ -

ਚੰਡੀ ਦੀ ਵਾਰ ਪਉੜੀ ੪੦ ਵਿਚ ਦਸ਼ਮੇਸ਼ ਜੀ ਨੇ ਫੁਰਮਾਇਆ "ਸ੍ਰਵਣਤਬੀਜ ਬਧਾਈਆਂ ਅਗਣਤ ਸੂਰਤਾਂ॥" ਇਹਨਾਂ ਨੂੰ ਮਾਰਨਾ ਦੁਰਗਾ ਲਈ ਕਠਨ ਹੋ ਗਿਆ, ਧਰਤੀ ਤੇ ਰੱਤ ਨਾ ਢਿਗਣ ਦੇਣ ਲਈ ਕਾਲਕਾ ਨੂੰ ਪ੍ਰਗਟ ਕਰਨਾ ਜ਼ਰੂਰੀ ਸੀ ਜਾਣ ਕੇ, ਰਕਤ ਬੀਜ ਫੌਜ ਨੂੰ ਰੋਕਣ ਲਈ ਮਛੰਦਰ ਜੋਗੀ ਨੂੰ ਕਿਹਾ ਪਰ ਉਹਨਾਂ ਕਿਹਾ - ਮੇਰੀ ਤਪਸਿਆ ਕਰਦਿਆਂ ਦਾ ਵਿਚਾਲੇ ਨਿਯਮ ਟੁੱਟ ਜਾਵੇਗਾ, ਜਿਸ ਕਰਕੇ ਮੈਂ ਐ ਅਕਾਲ ਸ਼ਕਤ ਤੇਰੀ ਸਹਾਇਤਾ ਨਹੀਂ ਕਰ ਸਕਦਾ- ਹਾਂ ਮੈਂ ਦੱਸ ਪਾਂਦਾਂ ਹਾਂ ਕਿ ਇਸ ਵਕਤ ਮਹਾਨ ਤਪਸ੍ਵੀ ਗੋਦਾਵਰੀ ਕੰਢੇ ਹਨ- ਉਹ ਤੁਹਾਡੀ ਸਹਾਇਤਾ ਕਰ ਸਕਨ ਦੇ ਸਮਰੱਥ ਹਨ।

ਇਹ ਜੰਗ ਨਾਸਕ ਤੋਂ ਚੰਡਕਾ-ਹੱਟਦੀ ਹੱਟਦੀ, ਗੋਦਾਵਰੀ ਦੇ ਤੱਟ ਜਿੱਥੇ ਉਸ ਜਾਮੇ ਵਿਚ (ਗੁਰੂ ਗੋਬਿੰਦ ਸਿੰਘ ਜੀ) ਤਪ ਕਰ ਰਹੇ ਸਨ - ਇਹ ਮਹਾਨ ਸ਼ਕਤ ਚੰਡਕਾ ਪੁੱਜੀ ਇਸ ਮਹਾਨ ਸ਼ਕਤ ਦੇ ਨਾਮ ਜਿਵੇਂ ਜਾਪ ਸਾਹਿਬ ਵਿਚ ਫੁਰਮਾਨ ਹੈ :

"*ਕਰਮ ਨਾਮ ਬਰਣਤ ਸੁਮਤ*" ਭਾਵ ਦੁਰਗ ਦੈਂਤ ਦੇ ਮਰਨ ਤੇ ਦੁਰਗਾ ਨਾਮ ਪੈ ਗਿਆ ਤੇ ਚੰਡ-ਮੁੰਡ ਦੈਂਤਾਂ ਦੇ ਮਾਰਨ ਕਰਕੇ ਇਸ ਮਹਾਨ ਸ਼ਕਤ ਦਾ ਨਾਮ ਚੰਡਕਾ ਪੈ ਗਿਆ। ਤਪਸ੍ਵੀ ਦੇ ਸਤਿਕਾਰ ਕਰਦਿਆਂ ਬਿਨੈ ਕੀਤੀ - ਹੁਕਮ ਫੁਰਮਾਉ, ਚੰਡਕਾ ਕਿਹਾ - ਰਕਤ ਬੀਜ ਦੈਂਤਾਂ ਨੂੰ ਰੋਕੋ ਮੈਂ ਕਾਲਕਾ ਪ੍ਰਗਟ ਕਰਾਂ- ਤਾਂ ਤਪਸ੍ਵੀ ਨੇ ਸੋਚਿਆ ਜੇ ਤਪ ਦੀ ਵਰਤੋਂ ਕਰਾਂ ਤਾਂ ਤਪ ਘਟੇਗਾ ਤਾਂ ਉਹਨਾਂ ਸ਼ੇਰ ਦਾ ਆਸਨ ਦੇ ਤਪ ਦਾ ਪ੍ਰਯੋਗ ਕਰਕੇ ਆਸਨ ਝਾੜਿਆਂ ਤਾਂ ਅਨੇਕਾਂ ਸ਼ੇਰ ਪ੍ਰਗਟ ਹੋਣ ਤੇ ਦੈਂਤਾਂ ਨੂੰ ਪਛਾੜਦੇ ਪਛਾੜਦੇ ਹੀਰਾ ਘਾਟ ਦੇ ਅਸਥਾਨ ਤੱਕ ਪੁੱਜ ਗਏ, ਤਪਸ੍ਵੀ ਸ਼ੇਰਾ ਦੀ ਕਮਾਨ ਕਰਦੇ ਹੀਰਾਘਾਟ ਵਾਲੀ ਥਾਵੇਂ ਖਲੋ ਗਏ ਅਤੇ ਮਾਤਾ ਜੀ ਦੇ ਅਸਥਾਨ ਵਾਲੀ ਥਾਵੇਂ ਚੰਡਕਾ, ਜਿਸ ਦੁਆਲੇ ਸ਼ੇਰਾ ਦਾ ਘੇਰਾ ਸੀ ਇਸ ਅਸਥਾਨ 'ਤੇ ਆਪਣੇ ਮੱਥੇ ਤੋਂ ਕਾਲਕਾ ਪ੍ਰਗਟ ਕੀਤੀ। ਦਸ਼ਮੇਸ਼ ਜੀ ਚੰਡੀ ਦੀ ਵਾਰ ਵਿਚ ਫੁਰਮਾਇਆ - ਸੂਰੀ ਸੰਘਰਿ ਰਚਿਆਂ -ਢੋਲ ਸੰਖ-ਨਗਾਰੇ ਵਾਇਕੈ॥ "ਚੰਡ" ਚਿਤਾਰੀ "ਕਾਲਕਾ" ਮਨ ਬਹਲਾ ਰੋਸੁ ਬਢਾਇ ਕੈ॥ "ਨਿਕਲੀ ਮਥਾ ਫੋੜਿ ਕੈ" ਸਣ ਫਤੇ ਨੀਸਾਣ ਬਜਾਇ ਕੈ॥.....ਪਉੜੀ ੪੧

ਚੰਡਕਾ ਨੇ ਕਾਲਕਾ ਨੂੰ ਕਿਹਾ "ਹਉ ਹਣੋ -ਤੁਸ੍ਉਣ ਪੀ॥" ਬਡੇ ਬਡੇ ਚੁਣ (ਅਗਲੇ ਪੰਨੇ 'ਤੇ)

ਸਾਡਾ ਖਜ਼ਾਨਾ ਨਾ ਛੇੜਨਾ, ਅਪਣਾ ਲੈ ਲਵੋ, ਇਸ ਰਾਜ਼ ਨੂੰ ਸਮਝਣ ਲਈ ਭਾ. ਦਯਾ ਸਿੰਘ, ਭਾ. ਧਰਮ ਸਿੰਘ- ਬਾਬਾ ਬਿਨੋਦ ਸਿੰਘ ਜੀ ਪੰਜਾ ਸਿੰਘ ਹੱਥ ਜੋੜ ਅਰਜ਼ ਕੀਤੀ- ਸਤਿਗੁਰੋ ਇਹ ਕੀ ਰਾਜ਼ ਹੈ ਆਪ ਜੀ ਤਾਂ ਕੇਵਲ ਤੱਪ ਕਰਦੇ ਸੀ - ਮਾਇਆ ਫਿਰ ਹੀਰੇ ਤੇ ਨਗੀਨਿਆਂ ਦੇ ਨਦੀ ਵਿਚ ਭੰਡਾਰ ਭਰੇ ਹਨ - ਮਾਲ ਟੇਕਰੀ ਤੋਂ ਮੋਹਰਾਂ ਲਿਆ ਵਰਤਾਈਆਂ।

ਤੱਪ ਕੀ ? ਤੇ ਮਾਇਆ ਕੀ ? ਇਹ ਰਾਜ਼ ਦਰਸਾਣਾ ਕਰੋ ?

**ਸਤਿਗੁਰੂ ਜੀ :** ਗੁਰਸਿਖੋ ! ਚੰਗਾਂ ਤਾਂ ਇਹ ਹੀ ਹੈ ਕਿ ਰਾਜ ਛੁਪਿਆ ਰਹਿਣ ਦਿਓ ! ਐਵੇਂ ਲੋਕ ਵਹਿਮਾਂ ਵਿਚ ਪੈ ਜਾਣਗੇ, ਇਹਨਾਂ ਅਗੰਮੀ ਖਜ਼ਾਨਿਆਂ ਲਈ ਕਈ ਉਪਰਾਲੇ ਕਰਨਗੇ - ਪਰ ਕਿਸੇ ਦੇ ਹੱਥ ਨਹੀਂ ਆਉਣੇ।

**ਬੰਦੇ ਬੈਰਾਗੀ ਦੀ ਸੋਧ**

ਨਗੀਨਾ ਘਾਟ ਤੋਂ ਨੇੜੇ ਹੀ ਬੰਦਾ ਬੈਰਾਗੀ (ਮਾਧੋ ਦਾਸ) ਜੋ ਰਿਧੀਆਂ ਸਿਧੀਆਂ ਦੇ ਚੇਟਕ ਵਿਚ ਆਏ ਸਾਧੂਆਂ ਨਾਲ ਮਸਕਰੀ ਕਰਦਾ ਸੀ।

ਸਤਿਗੁਰੂ ਅੰਤ੍ਰਯਾਮੀ, ਦਯਾ ਦੇ ਸਮੁੰਦ੍ਰ, ਮਾਧੋ ਦਾਸ ਤੇ ਦਯਾ ਆ ਗਈ ਤੇ ਕਿਹਾ ਬੈਰਾਗੀ ਸਾਧਾ ਕੇਹੜੀ ਪੁੱਠੀ ਚਾਲੇ ਲੱਗਾ ਹੋਇਆ ਹੈਂ, (ਜਿਵੇਂ ਸਜਨ ਠੱਗ ਤੇ ਸਤਿਗੁਰੂ ਨਾਨਕ ਦੇਵ ਜੀ ਮਹਾਰਾਜ ਨੂੰ ਦਯਾ ਆ ਗਈ ਤੇ ਉਸ ਨੂੰ ਸਿੱਧੇ ਸਜਣਾਂ ਵਾਲੇ ਕੰਮ ਕਰਨ ਤੇ ਪ੍ਰੇਰਤ ਕੀਤਾ)

ਸਤਿਗੁਰੂ ਸਿੰਘਾਂ ਨੂੰ ਨਾਲ ਲੈਕੇ ਮਾਧੋ ਦਾਸ ਦੀ ਕੁਟੀਆ ਵਿਚ ਪਲੰਘ ਤੇ ਜਾ ਆਸਨ ਲਾਏ ਉਸ ਦੇ ਬੀਰਾਂ ਸਾਰਾ ਜ਼ੋਰ ਲਾਇਆ, ਪਰ ਕੋਈ ਪੇਸ਼ ਨਾ ਗਈ- ਮਾਧੋ ਦਾਸ ਸਾਰੀਆਂ ਰਿੱਧੀਆਂ-ਸਿੱਧੀਆਂ ਦਾ ਜ਼ੋਰ ਲਾ ਕੇ ਥੱਕ ਗਿਆ ਆਖਰ ! ਗੁਰਚਰਨੀ ਢਹਿ ਪਿਆ।

**ਸਤਿਗੁਰੂ ਜੀ :** ਵਾਹ ਭਈ ਵਾਹ ! ਸੰਸਾਰ 'ਤੇ ਆ ਕੇ ਆਹ ਕੇਹੜੇ ਕੰਮ ਫੜੇ ਹੋਇ ਹਨ,

---

*ਸੂਰਮੇ ਗਹਿ ਕੋਈ ਦਏ ਚਲਾਏ ਕੈ ॥ ਰਣ ਕਾਲੀ ਗੁੱਸਾ ਖਾਇ ਕੈ ॥੪੧॥*
*ਭੁਈ ਨ ਪਉਣੈ ਪਾਈਆਂ-ਬੂੰਦਾਂ ਰਕਤ ਦੀਆਂ ॥*
*"ਕਾਲੀ" ਖੇਤ ਖਪਾਈਆਂ ਸੱਭੇ ਸੂਰਤਾਂ ॥......੪੩॥*

ਜਦ ਕਾਲਾ ਮੱਥੇ ਜੋ ਪ੍ਰਗਟ ਕੀਤੀ ਤਾਂ ਬੜਾ ਕੁਲਾਹਲ ਹੋਇਆ- ਹਜ਼ਾਰਾਂ ਚੰਦ੍ਰਮਾ ਜੇਹਾ ਚਾਨਣਾ ਹੋਇਆ। ਹੀਰਾ ਘਾਟ ਖੜੇ ਤਪਸ੍ਵੀ ਦੀ ਪ੍ਰਸੰਸਾ ਕਰਨ, ਚੰਡਕਾ ਤੇ ਕਾਲਕਾ ਆਈ। ਚੰਡਕਾ (ਅਕਾਲ ਮਹਾਂ ਸ਼ਕਤ) ਨੇ ਕਿਹਾ

ਐ ਮਹਾਨ ਤਪਸ੍ਵੀ-ਅਕਾਲ ਪੁਰਖ ਵੱਲੋਂ ਰਚੇ ਧਰਮ ਯੁੱਧ ਵਿਚ ਜੋ ਤੁਸਾਂ ਮਹਾਨ ਤੱਪ ਦਾ ਯੋਗਦਾਨ ਪਾ ਕੇ ਬੜਾ ਪ੍ਰਉਪਕਾਰ ਕੀਤਾ ਹੈ, ਇਸ ਦਾ ਬਦਲਾ ਜੋ ਅਕਾਲ ਪੁਰਖ ਦਾ ਨਿਯਮ ਹੈ, "ਜਗਤ ਮਜੂਰੀ ਦੇਤ ਹੈ- ਕਿਓ ਰਾਖੈ ਭਗਵਾਨ" ਸੋ ਇਸ ਦਾ ਫਲ ਅਕਾਲ ਪੁਰਖ ਵੱਲੋਂ ਮਿਲਣਾ ਹੈ।

ਆਪ ਕਲਜੁਗ ਵਿਚ ਦੁਸ਼ਟਾਂ ਦਾ ਨਾਸ ਕਰਨ ਅਤੇ ਧਰਮ ਪ੍ਰਚਾਰ ਕਰਨ ਲਈ ਖਾਲਸਾ (ਅਕਾਲ ਪੁਰਖ ਦੀ ਫੌਜ) ਦੀ ਸਿਰਜਨਾ ਕਰੋਗੇ, ਆਪ ਇਹ ਤਲਵਾਰ (ਕ੍ਰਿਪਾਨ) ਜੋ ਅਕਾਲ ਪੁਰਖ ਦੀ ਸ਼ਕਤ ਹੈ, ਇਹ ਤੁਹਾਡੇ ਹੱਥ ਵਿਚ ਹੋਵੇਗੀ, ਇਸ ਨਾਲ ਪੰਜ ਸੀਸ ਭੇਟ ਕਰੋਗੇ ਅਤੇ ਅੰਮ੍ਰਿਤ ਦੀ ਦਾਤ ਤਿਆਰ ਕਰਨ ਸਮੇਂ ਮੈਂ (ਚੰਡਾ) ਗੁਪਤ ਰੂਪ ਪਤਾਸੇ ਪਾਕੇ ਖਾਲਸੇ ਦੀ ਦਾਤ ਅਖਵਾਵਾਂਗੀ।

ਸੋ ਜਗਤ ਮਾਤਾ ਸਾਹਿਬ ਕੌਰਾਂ ਅਕਾਲ ਪੁਰਖ ਦੀ ਸ਼ਕਤ ਹੀ ਖਾਲਸੇ ਦੀ ਮਾਤ ਅਖਵਾ ਸਕਦੇ ਹਨ ਤਾਂ ਹੀ ਸਤਿਗੁਰਾਂ ਨਾਲ ਉਹ ਅਸਥਾਨ ਪ੍ਰਗਟ ਕਰਨ ਲਈ ਗਏ ਸਨ, ਅਤੇ ਉਥੋਂ ਹੀ ਮਾਤਾ ਜੀ ਵਾਪਸ ਦਿੱਲੀ ਮਾਤਾ ਸੁੰਦਰੀ ਜੀ ਪਾਸ ਆ ਠਹਿਰੇ- ਸੱਚਖੰਡ ਵਾਲੀ ਥਾਵੇਂ ਨਹੀਂ ਗਏ।



ਘਰ ਆਏ ਮਹਿਮਾਨ ਨਾਲ ਮਸ਼ਕਰੀ ? ਕੀ ਇਹ ਸਾਧ ਕਰਮ ਹਨ ? ਤੂੰ ਤਾਂ ਆਪਣੇ ਮਾਂ-ਬਾਪ ਖਾਨਦਾਨੀ ਨੂੰ ਹੀ ਬਦਨਾਮ ਕਰਨ 'ਤੇ ਲੱਕ ਬੰਨ ਲਿਆ ਹੋਇਆ ਹੈ - ਬੰਦਾ ਹੋ ਕੇ ਬੰਦਿਆਂ ਵਾਲੇ ਕੰਮ ਕਰ- ਤਾਂ ਜੋ ਤੇਰੀ ਖਾਨਦਾਨੀ ਦਾ ਨਾਮ ਸੰਸਾਰ 'ਤੇ ਚਮਕੇ। ਬੰਦਾ ਚਰਨੀ ਢਹਿ ਪਿਆ- ਕਰੋ ਹੁਕਮ, ਮੇਰੀ ਬੁੱਧ ਨੂੰ ਸ਼ੁੱਧ ਕਰੋ ਤਾਂ ਸਤਿਗੁਰਾਂ ਅੰਮ੍ਰਿਤ ਛਕਾ, ਨਾਲ ਬਾਬਾ ਬਿਨੋਦ ਸਿੰਘ ਜੀ ਤ੍ਰੇਹਨ ਕੁੱਲ ਦੇ ਥਾਪ ਕੇ ਜ਼ਾਲਮਾਂ ਨੂੰ ਸੋਧਨ ਪੰਜਾਬ ਭੇਜਿਆ।

**ਤਪ ਅਸਥਾਨ ਪ੍ਰਗਟ ਕਰਨਾ**

ਇਕ ਮਨਚਲੇ ਨੇ ਗੁਰੂ ਦਰਬਾਰ ਦੀਵਾਨ ਲਗੇ ਵਿਚ (ਨਗੀਨਾ ਘਾਟ) ਕਿਹਾ - ਮੈਂ ਸੁਣਿਆ ਤੁਸੀਂ ਬੜੇ ਸੂਰਮੇ ਅਤੇ ਤੀਰ ਅੰਦਾਜ਼ ਹੋ, ਪਰ ਜੇ ਮੇਰੀ ਤੀਰ ਕਮਾਨ ਤੇ ਚਿੱਲਾ ਚਲਾਵੋ ਤਾਂ ਮੈਂ ਜਾਣਾ।

ਭਾਵੇਂ ਸਤਿਗੁਰਾਂ ਦੇ ਜ਼ਖ਼ਮ ਅਲ੍ਹੇ ਸਨ, ਭਾਈ ਦਯਾ ਸਿੰਘ ਨੇ ਬਿਨੈ ਕੀਤੀ, ਸਤਿਗੁਰੋ ਜ਼ਖ਼ਮ ਅਲ੍ਹੇ ਹਨ - ਰਾਜ਼ੀ ਹੋ ਜਾਣ ਦਿਓ ਫਿਰ ਤੀਰ ਕਮਾਨ ਪਰਖ ਲਿਓ- ਇਹ ਅਸਪਾਤ ਦਾ ਹੈ ਜ਼ੋਰ ਲਗਣ ਨਾਲ ਤੋਪੇ ਖੁਲਣ ਦਾ ਡਰ ਹੈ ?

**ਸਤਿਗੁਰੂ ਜੀ :** ਹਾਂ ਭਾਈ ਦਯਾ ਸਿੰਘ ਜੀ- ਆਪ ਜੀ ਦਾ ਬਚਨ ਤਾਂ ਸੱਚ ਹੈ - ਪਰ ਜੋ ਅਕਾਲ ਪੁਰਖ ਦੀ ਖੇਡ ਹੈ - ਉਸ ਨੂੰ ਕੌਣ ਰੋਕ ਸਕਦਾ ਹੈ। ਨਿਰੰਕਾਰ ਨੇ ਹਰ ਕੰਮ ਦਾ ਸਮਾਂ ਨਿਸ਼ਚਿਤ ਕੀਤਾ ਹੋਇਆ ਹੈ, ਅਸੀਂ ਜਿਸ ਕਾਰਜ ਲਈ ਆਏ ਹਾਂ, ਉਸ ਦਾ ਸਮਾਂ ਆ ਗਿਆ ਹੈ, ਤੇ ਇਹ ਤੀਰ ਕਮਾਨ ਉਸ ਅਸਥਾਨ ਦੀ ਸਾਖ ਭਰੇਗਾ।

ਭਾਈ ਦਯਾ ਸਿੰਘ ਜੀ ਸਿੰਘਾਂ ਨੂੰ ਸਾਰੀਆਂ ਦਿਸ਼ਾਵਾਂ ਵੱਲ ਖਿਲਾਰ ਦਿਓ ! ਆਪ ਤੇ ਭਾਈ ਬਿਨੋਦ ਸਿੰਘ ਆਦਿ ਤੁਸੀਂ ਮੁਸਲਮਾਨਾਂ ਦੀ ਔਹ ਸਾਮਨੇ ਮਸੀਤ ਪਾਸ ਜਾ ਖੜ੍ਹੇ ਹੋਵੋ। ਜਿੱਥੇ ਇਹ ਤੀਰ ਡਿੱਗੇਗਾ ਉਸ ਦਾ ਸਭ ਸਿੰਘ ਧਿਆਨ ਰਖਣ ਸਾਨੂੰ ਦਸਨਾ।

**ਤੀਰ ਦਾ ਪੁਰਾਤਨ ਤਪ ਅਸਥਾਨ ਮੌਜੂਦਾ ਮਸੀਤ ਵਿਚਾਲੇ ਡਿੱਗਣਾ**

ਜਦ ਸਤਿਗੁਰਾਂ ਕਮਾਨ ਤੇ ਤੀਰ ਚਲਾ ਕੇ ਖਿੱਚ ਕੇ ਚਲਾਉਣਾ ਕੀਤਾ- ਕਮਾਨ ਅਸਪਾਤ ਦੀ ਤਾਂ ਦੋਹਰੀ ਕਰ ਦਿੱਤੀ ਅਤੇ ਤੀਰ ਮਸੀਤ ਵਿਚਾਲੇ ਜਾ ਡਿੱਗਾ। ਸਤਿਗੁਰੂ ਸਮੇਤ ਸੰਗਤਾਂ ਉਥੇ ਪੁੱਜਣ ਤੇ ਬਹਾਦਰ ਸ਼ਾਹ ਨੂੰ ਬੁਲਾ ਕੇ ਕਿਹਾ - ਇਹ ਸਾਡਾ ਪੁਰਾਤਨ ਸਤਿਜੁਗ ਦਾ ਤਪ ਅਸਥਾਨ ਹੈ, ਜਿਸ ਦੇ ਪ੍ਰਗਟਾਨ ਲਈ ਅਸੀਂ ਇਧਰੇ ਆਏ ਹਾਂ। ਕਿਉਂਕਿ ਅਸਾਂ ਪ੍ਰਭੂ ਮਿਲਾਪ ਲਈ ਇੱਥੋਂ ਤਪ ਸ਼ੁਰੂ ਕੀਤਾ ਸੀ ਤਾਂ ਇੱਥੇ ਹੀ ਪ੍ਰਭੂ ਜੋਤ ਵਿਚ ਲੀਣ ਹੋਏ ਆਏ ਹਾਂ। ਬਹਾਦਰ ਸ਼ਾਹ ਜੋ ਇੱਥੇ ਹੀ ਸੀ, ਨੂੰ ਬੁਲਾਵਾ ਦਿੱਤਾ ਤੇ ਆਵਨ ਤੇ ਕਿਹਾ ਕਿ ਸਾਡਾ ਤਪ ਅਸਥਾਨ ਹੈ ਇਸ ਨੂੰ ਪ੍ਰਗਟ ਕਰਨ ਤਾਂ ਆਏ ਹਾਂ।

**ਬਹਾਦਰਸ਼ਾਹ :** ਸਤਿਗੁਰੋ ! ਇਹ ਬਾਦਸ਼ਾਹੀ ਤੇ ਰਾਜ ਪਾਟ ਹੀ ਆਪ ਦੀ ਬਖਸ਼ਸ਼ ਦਾ ਸਦਕਾ ਹੈ, ਇਹ ਮਸੀਤ ਦੀ ਥਾਂਉ ਕੀ ? ਜਿਤਨਾ ਭੀ ਥਾਂਉ ਚਾਹੋ ਲੈ ਸਕਦੇ ਹੋ ?

**ਸਤਿਗੁਰੂ ਜੀ :** ਨਹੀਂ ਬਹਾਦਰਸ਼ਾਹ ਅਸਾਂ ਦਾ ਨਿਯਮ-ਮਰਯਾਦਾ, ਧੱਕੇ ਨਾਲ ਕੋਈ ਥਾਂਉ ਲੈਣ ਦਾ ਨਹੀਂ ? ਫਿਰ ਖ਼ੁਦਾ ਦੀ ਅਬਾਦਤ ਦਾ ਥਾਂਉ (ਮਸੀਤ) ਤੁਹਾਡੀ ਖਾਨਦਾਨੀ ਵਾਂਗ ਨਹੀਂ ਅਸੀਂ ਕਰਦੇ - ਜੋ ਬੜੇ ਬੜੇ ਪੂਜਯ-ਹੀਰੇ-ਜਵਾਹਰਾਤ ਜੜੇ ਮੰਦਰ ਅਤੇ ਹਿੰਦੂ ਅਵਤਾਰਾਂ ਦੇ ਜਨਮ ਅਸਥਾਨ ਢਾਹ ਕੇ ਮਸੀਤਾਂ ਉਸਾਰ ਲੈਣੀਆਂ ਇਹ ਨਫ਼ਰਤ ਦਾ ਬੀਜ ਬੀਜਨਾ ਸਾਡਾ ਧਰਮ ਨਹੀਂ ? ਸਾਡੇ ਵੱਡੇ ਬਾਬੇ (ਸ੍ਰੀ ਗੁਰੂ ਨਾਨਕ ਦੇਵ ਜੀ ਦਾ ਆਦਰਸ਼ "ਸਭੇ

ਸਾਂਝੀਵਾਲ ਸਦਾਇਨ ਕੋਇ ਨ ਦਿਸੈ ਬਾਹਰਾ ਜੀਓ") ਦੇ ਨਕਸ਼ੇ ਕਦਮ 'ਤੇ ਹੀ ਚਲਨਾ ਸਾਡਾ ਧਰਮ ਹੈ, "ਨਾ ਕੋ ਬੈਰੀ ਨਹੀ ਬੇਗਾਨਾ ਸਗਲ ਸੰਗ ਹਮ ਕਉ ਬਣ ਗਈ" ॥੧੨੯੯

ਇਹ ਸਾਡਾ ਸਤਿਜੁਗ ਦਾ ਤਪ ਅਸਥਾਨ ਹੈ, ਜਿਸ ਦੀ ਸਾਖ (ਉਗਾਹੀ) ਲਈ ਸਾਡੇ ਪਾਸ ਦੋ ਸਬੂਤ ਹਨ।

੧. ਜਿੱਥੇ ਵਿਚਾਲੇ ਮਸੀਤ ਦੇ ਤੀਰ ਲੱਗਾ ਹੈ, ਇੱਥੋਂ ਤਿੰਨ-ਚਾਰ ਫੁੱਟ ਧਰਤੀ ਪੁਟਣ 'ਤੇ ਸਾਡੀਆਂ ਨਿਸ਼ਾਨੀਆਂ ਤਪ ਕਰਨ ਦੀਆਂ ਧੂੰਨਾਂ- ਚਿਮਟਾ-ਖੜਾਵਾਂ ਆਦ ਜੇ ਨਿਕਲਨ ਤਾਂ ਸਾਡੀ ਉਗਾਹੀ ਸੱਚੀ ਹੋਵੇਗੀ।

੨. ਅਸਾਂ ਪੱਕਾ ਉਗਾਹ ਨੌਨੰਦ* ਆਹ ਵੇਖ ਰਹੇ ਹੋ ਨਾ, ਇਹ ਦਸੇਗਾ। ਇਹ ਮਸੀਤ ਤੋਂ ਪਹਿਲ ਇੱਥੇ ਕੀ ਸੀ- ਜੋ ਚਸ਼ਮਦੀਦ ਉਗਾਹ ਹੈ।

ਸਤਿਗੁਰਾਂ- ਜਦ ਧਰਤੀ ਪੁਟਵਾਈ ਤਾਂ ਠੀਕ-ਧੂਣਾ-ਚਿਮਟਾ-ਖੜਾਵਾਂ ਨਿਕਲੀਆਂ, ਮੁਸਲਮਾਨਾਂ ਨੂੰ ਸਾਰੀ ਤਸਦੀਕ ਕਰਵਾਕੇ, ਇੱਥੇ ਦਾ ਮੁਲ ਤਾਰ ਕੇ, ਅਤੇ ਮੁਸਲਮਾਨਾਂ ਨੂੰ ਘੰਟਾਘਰ ਪਾਸ ਆਪਣੇ ਖਰਚੇ ਤੇ ਮਸੀਤ ਬਨਵਾ ਕੇ ਸਤਿਗੁਰਾਂ ਦਿੱਤੀ।

ਉਪਰੋਕਤ ਵਿਸਥਾਰ ਨਾਲ ਲਿਖਣ ਦਾ ਭਾਵ "ਕ੍ਰਿਪਾਨ ਇਸ਼ਟ" "ਯਹੀ ਹਮਾਰੇ ਪੀਰ"ਠ ਦੀ ਵਾਰਤਾ ਸਚਖੰਡ ਹਜ਼ੂਰ ਸਾਹਿਬ ਹੀ ਸਿੰਘਾਂ ਨੇ ਪ੍ਰਸ਼ਨ ਕੀਤਾ ਸੀ ਅਤੇ ਸਤਿਗੁਰਾਂ ਜੋ ਉੱਤਰ ਦਿੱਤਾ, ਇਸ ਦੇ ਮੁਖ ਪੰਨੇ 'ਤੇ "ਕ੍ਰਿਪਾਨ ਇਸ਼ਟ" ਇਸ ਤੋਂ ਬਾਅਦ ਸ਼ੁਰੂ ਹੋਣ

---

* ਜ਼ਬਾਨੀ ਨੌਨੰਦ : ਮੈਂ ਬ੍ਰਹਮਾਨੰਦ ਦਾ ਚੇਲਾ ਹਾਂ, ਇਸ ਤਪ ਅਸਥਾਨ ਦੀ ਸੇਵਾ ਜਦੋਂ ਤੋਂ ਇਹ ਤਪਸ੍ਵੀ ਸਰੀਰ ਤਿਆਗ ਗਏ ਸਨ ਤਾਂ ਸੁੰਦਰ ਮੱਠ ਬਣ ਗਿਆ ਜਿਸ ਨੂੰ ਸਾਰਾ ਇਲਾਕਾ ਪੂਜਦਾ ਸੀ ਤੇ ਤਦ ਤੋਂ ਹੁਣ ਤੱਕ ਸਾਡੇ ਮਹੰਤ ਜਨ ਹੁਣ ਤੱਕ ਏਹ ਤਪ ਅਸਥਾਨ ਦੀ ਸੇਵਾ ਕਰਦੇ ਆ ਰਹੇ ਸਾਂ, ਮੇਰੇ ਗੁਰੂ ਦੇ ਸਮੇਂ ਇਹ ਮੱਠ ਢਾਹ ਕੇ ਮਸੀਤ ਬਣਾਈ ਗਈ ਸੀ। ਸਵੇਰੇ ਮੁਸਲਮਾਨ ਹੁੰਦੇ ਰਾਤ ਨੂੰ ਮੈਂ ਪਹਿਰਾ ਦੇਂਦਾ- ਜੋ ਬੇਅਦਬੀ ਨ ਹੋਵੈ।

ਮੇਰੇ ਗੁਰੂ ਬ੍ਰਹਮਾਨੰਦ ਨੇ ਫੁਰਮਾਇਆ ਸੀ ਕਿ ਤੇਰੇ ਪਹਿਰੇ ਵਿਚ ਇਸ ਅਥਸਾਨ ਦਾ ਤਪਸ੍ਵੀ ਆਵੇਗਾ ਜਿਸ ਦਾ ਬਾਣਾ ਨੀਲਾ ਯੋਧਿਆ ਵਾਲਾ ਸ਼ਸ਼ਤ੍ਰ ਬਸਤ੍ਰ ਸਜਾਈ, ਲੰਮੇ ਕੱਦ ਦੇ ਬਾਹਾਂ ਗੋਡਿਆਂ ਤੋ ਹੇਠਾਂ (ਜੋ ਅਵਤਾਰਾਂ ਦੀ ਨਿਸ਼ਾਨੀ ਹੁੰਦੀ ਹੈ) ਸਿਰ ਤੇ ਫਰਰੇ ਵਾਲੀ ਦਸਤਾਰ ਉਪਰ ਚੱਕਰ-ਤੋੜਾ ਕਲਗੀ ਜਿਗਾਹ ਚੇਹਰੇ ਦੀ ਆਬਾ ਹਜ਼ਾਰਾਂ ਚੰਦਰਮਾ ਤੋਂ ਭੀ ਅਤਿ ਸੁੰਦਰ ਹੋਵੇਗੀ, ਆਹ ਗ੍ਰੰਥ ਸਰਬ ਲੋਹ ਤੈਥੋਂ ਆਪੇ ਮੰਗ ਲੈਣਗੇ। ਇਹ ਗ੍ਰੰਥ ਸਤਿਜੁਗ ਵਿਚ ਸਰਬ ਲੋਹ ਅਵਤਾਰ ਦੀ ਕਥਾ ਇਸੇ ਤਪਸ੍ਵੀ ਦੀ ਉਚਾਰਨ ਕੀਤੀ ਸੰਸਕਿਰਤ ਵਿਚ ਹੈ ਜੋ ਅਸੀਂ ਸੰਭਾਲ ਕੇ ਰਖਿਆ ਇਹ ਗ੍ਰੰਥ ਅਤੇ ਸਾਡੀ ਫਰਯਾਦ ਬੇਨਤੀ ਕਰਨੀ ਕਿ ਆਪ ਜੀ ਦੇ ਇਸ ਪਾਵਨ ਤਪ ਅਸਥਾਨ ਦੀ ਕਿਸੇ ਪੁਜਾਰੀ ਪਾਸੋਂ ਕੋਈ ਗਲਤੀ ਤਰੁਟੀ ਸੇਵਾ ਵਿਚ ਹੋਈ ਹੋਵੇ- ਮਾਫ਼ ਕਰਦਿਆਂ ਮੁਕਤੀ ਬਖਸ਼ਸ਼ ਕਰਨੀ। ਸੋ ਜਦ ਮੈਂ ਸੋਅ ਸੁਣੀ, ਮੈਂ ਨਗੀਨਾਘਾਟ ਦੀਵਾਨ ਵਿਚ ਹਾਜ਼ਰ ਹੋਇਆ ਮੈਨੂੰ ਆਪ ਬੁਲਾ ਕੇ ਮੇਰਾ ਨਾਮ ਬਿਨਾ ਦਸਨ, ਆ ਭਾਈ ਨੌਨੰਦ ਸੁਣਾ ਬ੍ਰਹਮਾ ਨੰਦ ਜੀ ਦਾ ਕੋਈ ਬਚਨ, ਅਤੇ ਸਹਿਜੇ ਸਹਿਜੇ ਮੇਰੀ ਕੱਛ ਵਿਚ ਦਿੱਤੇ ਸਰਬ ਲੋਹ ਗ੍ਰੰਥ ਸਤਗੁਰਾਂ ਕਿਹਾ ਲਿਆ ਭਾਈ ਸਾਡੀ ਅਮਾਨਤ, ਕੱਛ ਵਿਚੋਂ ਕੱਢ ਲਿਆ ਮੈਂ ਸਤਿਗੁਰਾਂ ਕਿਹਾ ਸਤਿਗੁਰੋ ਮੁਕਤੀ ਕਰੋ ਤੇ ਸੰਭਾਲੋ ਆਪਣਾ ਤਪ ਅਸਥਾਨ ਤਾਂ ਹੁਕਮ ਹੋਇਆ! ਕੱਲ੍ਹ ਤੱਕ ਠਹਿਰੋ! ਆਪ ਦੀ ਉਗਾਹੀ ਭੁਗਤਾਉਣੀ ਹੈ। ਕਿਉਂਕਿ ਆਪ ਹੀ ਇਸ ਅਸਥਾਨ ਦੇ ਆਖਰੀ ਪੁਜਾਰੀ ਹੋ। ਸੋ ਬਾਦਸ਼ਾਹ ਸਮਾਲਮਤ ਸਤਿਗੁਰੂ ਸੱਚ ਕਹਿ ਰਹੇ ਹਨ, ਇਹ ਇਹਨਾਂ ਦਾ ਤਪ ਅਸਥਾਨ ਹੈ ਸਤਿਜੁਗ ਦਾ। ਇਸ ਨੌਨੰਦ ਦੇ ਨਾਮ ਤੇ ਇਸ ਤਪੋ ਬਨ ਦਾ ਨਾਮ ਨੌਨੰਦ ਪਿਆ, ਬਦਲਦਾ ਨਾਨਦੇੜ ਤੋਂ ਹੁਣ ਨਾਂਦੇੜ ਅਖਵਾਉਦ ਲੱਗ ਪਿਆ ਹੈ।



ਕਰਕੇ ਸਤਿਗੁਰਾਂ ਦਾ ਨਾਦੇੜ ਪੁੱਜਣ ਦਾ ਵਿਵਰਣ ਉਪਰੋਕਤ ਕਰਨਾ ਜ਼ਰੂਰੀ ਸੀ। ਕਿਉਂਕਿ ਨਾਦੇੜ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਗੱਦੀ ਸਮੇਂ ਇੱਥੇ ਹੀ ਕ੍ਰਿਪਾਨ (ਪੀਰ) ਸਤਿਗੁਰਾਂ ਦੇ ਉਦਾਰ ਤੇ ਭਾ. ਦਯਾ ਸਿੰਘ ਜੀ ਨੇ ਪ੍ਰਸ਼ਨ ਕੀਤਾ ਸੀ।

## ਕ੍ਰਿਪਾਨ ਇਸ਼ਟ

ਕਲਗੀਧਰ ਸਤਿਗੁਰੂ ਆਪਣਾ ਪੁਰਾਤਨ ਤਪ ਅਸਥਾਨ ਪ੍ਰਗਟ ਕਰਨ ਉਪਰੰਤ, ਅਕਾਲ ਪੁਰਖ ਵਿਚ ਅਭੇਦ ਹੋਣ ਲਈ ਆਏ ਸੱਦੇ ਤੋਂ ਦੋ ਦਿਨ ਪਹਿਲਾਂ, ਖਾਲਸੇ ਨੂੰ ਸ਼ਬਦ ਰੂਪੀ ਗੁਰੂ ਲੜ ਲਾਣ ਦਾ ਪ੍ਰਬੰਧ ਕੀਤਾ।

**ਗੁਰਗੱਦੀ :** ਜੋ ਬੀੜ ਦਮਦਮੇ ਸਾਹਿਬ ਤੋਂ ਲਿਖਵਾ ਕੇ ਸਤਿਗੁਰੂ ਲਿਆਏ ਸਨ- ਉਸ ਦੇ ਪ੍ਰਕਾਸ਼ ਕਰਨ ਲਈ - ਇਕ ਬੜਾ ਵੱਡਾ ਵਿਸ਼ਾਲ ਅਤਿ ਸੁੰਦਰ ਪੰਡਾਲ ਲਗਵਾਇਆ ਜਿਸ ਨੂੰ ਵੇਖ ਕੇ ਸੰਗਤਾਂ ਨੇ ਤਾਂ ਪ੍ਰਸੰਨ ਹੋਣਾ ਹੀ ਸੀ, ਪਰ ਸੁਰ-ਨਰ-ਗੰਧ੍ਰਬ ਭੀ ਵੇਖ ਕੇ ਦੰਗ ਹੋ ਰਹੇ ਸਨ- ਦੇਵਤਿਆਂ ਦੀ ਕੋਈ ਪੁਰੀ ਭੀ ਇਤਨੀ ਸੁੰਦਰ ਨਹੀਂ ਸੀ। ਇੰਝ ਚਕ੍ਰਿਤ ਹੋ ਰਿਹਾ ਸੀ।

ਇਸ ਸਾਇਵਾਨ ਹੇਠਾਂ ਜ਼ਰੀ ਜੜੀ, ਬੇਸ਼ੁਮਾਰ ਕੀਮਤੀ ਚਾਨਣੀ ਲਾਈ ਗਈ, ਅਮੁਲ ਗਲੀਚੇ ਉਪਰ ਸੋਹਣੇ ਪਲੰਘ ਉਪਰ ਸ੍ਰੀ ਗੁਰੂ ਗ੍ਰੰਥ ਸਹਿਬ ਦਾ ਪ੍ਰਕਾਸ਼ ਕੀਤਾ ਗਿਆ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪੁਰਾਤਨ ਮਰਯਾਦਾ ਅਨੁਸਾਰ ਪੰਜ ਪੈਸੇ- ਨਾਰੀਏਲ ਅਗੇ ਰੱਖ ਕੇ ਨਮਸ਼ਕਾਰਕਰਕੇ ਪ੍ਰਕਰਮਾ ਕਰਕੇ, ਸਮੂਹ ਸੰਗਤਾਂ ਨੂੰ ਫੁਰਮਾਇਆ ਕਿ ਅੱਜ ਤੋਂ ਗੁਰੂ ਨਾਨਕ ਦੇਵ ਜੀ ਮਹਾਰਾਜ ਦੀ ਜੋਤ ਜੋ ਦਸ ਸਰੂਪਾਂ ਵਿੱਚ ਸੀ- ਉਹ ਜੋਤ ਅੱਜ ਸ਼ਬਦ ਗੁਰੂ- ਗੁਰੂ ਗ੍ਰੰਥ ਸਾਹਿਬ ਵਿਚ ਪ੍ਰਵੇਸ਼ ਹੋ ਗਈ ਹੈ। ਦੇਹਧਾਰੀ ਗੁਰੂ ਦੀ ਰੀਤ ਸਮਾਪਤ ਹੋ ਚੁੱਕੀ ਹੈ ਅਗੋਂ ਤੋਂ ਕੋਈ ਦੇਹਧਾਰੀ ਗੁਰੂ ਨਹੀਂ ਮੰਨਣਾ ਹੋਵੇਗਾ। ਅਤੇ ਅੱਜ ਤੋਂ ਖਾਲਸਾ ਜੀ ਆਪ ਜੀ ਦੇ ਦੋ ਇਸ਼ਟ ਪੂਜਨ ਯੋਗ ਹੋ ਗਏ।

੧. ਅਕਾਲ ਪੁਰਖ

੨. ਸ੍ਰੀ ਗੁਰੂ ਗ੍ਰੰਥ ਸਾਹਿਬ ਸ਼ਬਦ ਗੁਰੂ ਸਭ ਸੰਗਤਾਂ ਯਥਾ ਸ਼ਕਤ ਭੇਟਾ ਰੱਖ ਕੇ ਮੱਥਾ ਟੇਕਿਆ।

### ਦੋ ਇਸ਼ਟ

੧. ਅਕਾਲ ਪੁਰਖ : ਜਿਸ ਦੀ ਸਿਫ਼ਤ ਸਲਾਹ ਆਦਿ ਸਰੂਪ ਦੇ ਸ੍ਰੀ ਗੁ ਗ੍ਰੰਥ ਸਾਹਿਬ ਜੀ ਅਤੇ ਦਸਮ ਸਰੂਪ ਦੇ ਮੁੱਖ ਪੰਨਿਆ ਤੇ ਇਉਂ ਫੁਰਮਾਇਆ ਹੈ।

ੴ

ਸਤਿਨਾਮੁ-ਕਰਤਾ ਪੁਰਖੁ-ਨਿਰਭਉ-ਨਿਰਵੈਰ-ਅਕਾਲ ਮੂਰਤਿ

ਅਜੂਨੀ-ਸੈਭੰ-ਗੁਰ ਪ੍ਰਸਾਦਿ ॥

ਜਪੁ ॥

ਆਦਿ ਸਚੁ-ਜੁਗਾਦਿ ਸਚੁ-ਹੈ ਭੀ ਸਚੁ

ਨਾਨਕ ਹੋਸੀ ਭੀ ਸਚੁ ॥੧॥

ਦਸਮ ਸਰੂਪ ਵਿਚ (ਜਾਪ ਸਾਹਿਬ ਦੇ ਮੁਖ ਅਰੰਭਕ) ਅਕਾਲ ਪੁਰਖ ਦੀ ਸਿਫ਼ਤ

**ਜਾਪ ਸਾਹਿਬ**

ੴ ਸਤਿਗੁਰ ਪ੍ਰਸਾਦਿ ॥
ਸ੍ਰੀ ਵਾਹਿ ਗੁਰੂ ਜੀ ਕੀ ਫ਼ਤਿਹ ॥
ਜਾਪ ॥
ਸ੍ਰੀ ਮੁਖ ਵਾਕ ਪਾਤਿਸਾਹੀ ੧੦ ॥
ਛਪੈ ਛੰਦ ॥ ਤ੍ਵਪ੍ਰਸਾਦਿ ॥

ਚੱਕ੍ਰ ਚਿਹਨ-ਅਰੁ ਬਰਨ ਜਾਤਿ-ਅਰੁ ਪਾਤਿ ਨਹਿਨ ਜਿਹ ॥
ਰੂਪ ਰੰਗ-ਅਰੁ ਰੇਖ ਭੇਖ, ਕੋਊ ਕਹਿ ਨ ਸਕਤਿ ਕਿਹ ॥
ਅਚਲ ਮੂਰਤਿ-ਅਨਭਉ ਪ੍ਰਕਾਸ, ਅਮਿਤੋਜ ਕਹਿਜੈ ॥
ਕੋਟਿ ਇੰਦ੍ਰ ਇੰਦ੍ਰਾਣਿ, ਸਾਹਿ ਸਾਹਾਣਿ ਗਣਿਜੈ ॥
ਤ੍ਰਿਭਵਣ ਮਹੀਪ-ਸੁਰ-ਨਰ-ਅਸੁਰ, ਨੇਤ ਨੇਤ ਬਣ-ਤ੍ਰਿਣ ਕਹਤ ॥
ਤ੍ਵ ਸਰਬ ਨਾਮ ਕਥੈ ਕਵਨ-ਕਰਮ ਨਾ ਬਰਣਤ ਸੁਮਤਿ ॥੧ ॥

ਅਜੇਹੇ ਗੁਣਾ ਵਾਲੇ ਅਕਾਲ ਪੁਰਖ ਨੂੰ ਜਪੁ ਇਹ "ਪਹਿਲਾ ਇਸ਼ਟ" ਹੈ।

੨. ਦੂਸਰਾ ਇਸ਼ਟ : ਸ੍ਰੀ ਗੁਰੂ ਗ੍ਰੰਥ ਸਾਹਿਬ –

੧. ਬਾਣੀ ਗੁਰੂ-ਗੁਰੂ ਹੈ ਬਾਣੀ, ਵਿਚਿ ਬਾਣੀ ਅੰਮ੍ਰਿਤ ਸਾਰੇ ॥
ਗੁਰੂ ਬਾਣੀ ਕਹੈ ਸੇਵਕ ਜਨੁ ਮਾਨੈ, "ਪਰਤਖਿ ਗੁਰੂ" ਨਿਸਤਾਰੇ ॥੫ ॥
(ਨਟ ਮ:੪ ਪੰਨਾ ੯੮੨)

੨. ਧੁਰ ਕੀ ਬਾਣੀ ਆਈ ॥ ਤਿਨਿ ਸਗਲੀ ਚਿੰਤ ਮਿਟਾਈ ॥
(ਸੋਰਠਿ ਮ: ੫- ਪੰਨਾ ੬੨੮)

੩. ਬਾਣੀ ਮੰਤ੍ਰ ਮਹਾਪੁਰਖਨ ਕੀ, ਮਨਹਿ ਉਤਾਰਨ ਮਾਨ ਕਉ ॥
ਖੋਜਿ ਲਹਿਓ-ਨਾਨਕ ਸੁਖਥਾਨਾ, ਹਰਿ ਨਾਮਾ-ਬਿਸ੍ਰਾਮ ਕਊ ॥੨ ॥੧ ॥੨੦ ॥
(ਸਾਰਗ ਮ: ੫- ਪੰਨਾ ੧੨੦੮)

੪. ਬਾਣੀ ਵਜੀ ਚਹੁ ਜੁਗੀ, ਸਚੋ-ਸਚ ਸੁਣਾਇ ॥ (ਸ੍ਰੀ ਰਾਗ ਮ: ੩ – ਪੰਨਾ ੩)

੫. ਬਾਣੀ ਬਿਰਲਉ ਬੀਚਾਰਸੀ- ਜੋ ਕੋ ਗੁਰਮੁਖਿ ਹੋਇ ॥
ਇਹ ਬਾਣੀ-ਮਹਾਪੁਰਖ ਕੀ-ਨਿਜ ਘਰਿ ਵਾਸਾ ਹੋਇ ॥੪੦ ॥
(ਰਾਮਕਲੀ ਮ: ੧ – ਪੰਨਾ ੯੩੫)

ਦਸ਼ਮੇਸ਼ ਜੀ ਨੇ ਗੁਰਗੱਦੀ ਅਤੇ ਗ੍ਰੰਥ ਤੇ ਪੰਥ ਪ੍ਰਤੀ ਸਰਬ ਲੋਹ ਗ੍ਰੰਥ ਵਿਚ ਫਰਮਾਇਆ:

ਅਥ ਗ੍ਰੰਥ ਸਥਾਪਨ ਮਹਾਤਮ, ਸ੍ਰੀ ਸਤਿਗੁਰ-ਬਿਗ੍ਰਹ
ਕਥਤੇ-ਤ੍ਵਬਲਿ ॥ ਬਿਸਨ ਪਦ ਪੁੰਨਿਯਾਕੀ ॥

੧. ਅਪਨ ਪੌ- ਸ੍ਰੀ ਖਾਲਸਹਿ ਸੌਂਪਾ, ਦ੍ਵਤਿਯ ਰੂਪ ਸਤਿਗੁਰ ਗ੍ਰੰਥਾ ॥
੨. ਬੋਲਨ-ਸਤਿਗੁਰ ਸਬਦ ਸੰਭਾਯਨ- ਨਾਮ ਗੋਬਿੰਦ ਕੀਰਤਨਿ ਸੰਥਾ ॥



੩. ਗੁਨਾਨੁਵਾਦ- ਪੁਨਿ ਸਿਫਤਿ ਸਲਾਹਨਿ ਊਠਤਿ-ਬੈਠਤੁ-ਸੈਨ ਕਰੰਥਾ ॥
੪. ਪਾਵਨ ਪੰਥ ਖਾਲਸਹਿ ਪ੍ਰਗਟਯੋ, 'ਚਾਰ ਵਰਨ' ਆਸ਼ਰਮ ਸੁਭ ਪੰਥਾ ॥੧ ॥
੫. ਇਨ ਕੇਦਰਸ-ਸਤਿਗੁਰ ਕੋ ਦਰਸਨ- ਬੋਲਨੁ ਗੁਰੂ ਸਬਦੁ – ਗੁਰ ਗ੍ਰੰਥਾ ॥
੬. *"ਦ੍ਵਾਦਸਿ-ਰੂਪ"- ਸਤਿਗੁਰ ਏ ਕਹਿਯਤਿ- ਦ੍ਵਾਦਸਿ ਭਾਨ, ਪ੍ਰਗਟੇ ਹਰਿਸੰਤਾ ॥
੭. ਪ੍ਰਤਯਖ ਕਲਾ-ਪਾਰਬ੍ਰਹਮ ਧਣੀਛੈ- "ਗ੍ਰੰਥ-ਪੰਥ" ਖਾਲਸ ਵਰਤੰਤਾ ॥
੮. ਦਾਸ ਗੋਬਿੰਦ-ਫਤਹ ਸਤਿਗੁਰ ਕੀ "ਖਾਸ ਗ੍ਰੰਥ" ਗੁਰੂ ਰੂਪ ਬਦੰਤਾ ॥੨ ॥
ਦੁਪਦਾ ੧ ॥ (ਸਰਬ ਲੋਹ ਗ੍ਰੰਥ ਪਾ: ੧੦- ਪੰਨਾ ੯੪੯)

ਸਤਿਗੁਰਾਂ-ਗ੍ਰੰਥ ਤੇ ਪੰਥ ਆਪਣੇ ਤੋਂ ਪਿਛੋਂ ਵਰਤਾਰਾ ਵਰਤਨ ਦਾ ਜੋ ਹੁਕਮ ਹੈ, ਗ੍ਰੰਥ ਪ੍ਰਤੀ ਬਾਣੀ ਤੋਂ ਹੀ ਉਦਾਹਰਨਾਂ ਸਪਸ਼ਟ ਕਰਦੀਆਂ ਹਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਨੂੰ ਗੁਰ ਗੱਦੀ ਬਖਸ਼ ਕੇ ਖਾਲਸੇ ਪ੍ਰਤੀ ਗੁਰੂ ਦੀ ਪੂਜਾ ਇਸ਼ਟ ਜਾਣ ਕਰਨੀ।

ਗ੍ਰੰਥ ਵਧਨ ਕਰਕੇ, ਦਸ਼ਮੇਸ਼ ਜੀ ਦੇ ਖਾਲਸਾ ਪ੍ਰਤੀ ਉਚਾਰਨ ਸ੍ਵਯੇ-ਦਸਮ ਗ੍ਰੰਥ ਵਿਚੋਂ ਪੜ੍ਹੋ (ਨੈਣਾ ਦੇਵੀ ਦੇ ਪ੍ਰਸੰਗ ਤੇ ਪੰਡਤ ਪੁਜਾਰੀ ਪ੍ਰਤੀ ਬਚਨ)

ਸਰਬ ਲੋਹ ਗ੍ਰੰਥ ਵਿਚ ਦਸ਼ਮੇਸ਼ ਜੀ ਨੇ ਜੋ ਖਾਲਸੇ ਦੇ ਗੁਣ ਵਰਨਣ ਕੀਤੇ ਹਨ। ਅਜੇਹੇ ਖਾਲਸੇ ਨੂੰ ਕਿਹਾ ਹੈ "ਖਾਲਸਾ ਮੇਰੋ ਰੂਪ ਹੈ ਖਾਸ" ਫੁਰਮਾਨ ਪੜ੍ਹੋ :

**ਰਾਜ ਪਲਾਸੀ - ਬਖਸ਼ਸ਼ ਹਜੂਰ, ਕਬਿਉ ਬਾਚੁ ॥**

੧. ਐਸੋ ਗੁਣ-ਹਰਿ ਖਾਲਸਹਿ ਬਖਸ਼ੇ, ਭਗਤਿ-ਗਿਆਨੀ-ਰਾਜ ਜੋਗੇਸ੍ਵਰ ॥
੨. ਛਤ੍ਰਿਯ ਬ੍ਰਿਤਿ-ਅਨਿਨ ਉਪਾਸਿਕ, ਤਯਾਗੀ-ਹਠੀ-ਸੂਰ ਭਵਨੇਸ੍ਵਰ ॥
੩. ਗ੍ਰਾਹੀ ਸ਼ੁਭ-ਤਿਯਾਗਿ ਬਿਵਰਜਿਤਿ, ਸਤ੍ਯਾਦਯੰ-ਸ੍ਰੀਮੁਖ ਪਰਮੇਸ੍ਵਰ ॥
੪. ਗੀਤਾ-ਉਪਨਿਸਦਿਨ ਮਹਾਂ ਵਾਕਯ, ਰਹਿਨੀ-ਭਗਤਿ ਗਯਾਨਿ ਬ੍ਰਿਤੇਸ੍ਵਰ ॥੫ ॥
੫. ਅਸੁ ਖਾਲਸਹਿ-ਖਾਲਸ ਪਦ ਪ੍ਰਾਪਤ-ਨਿਰੰਕਾਰਿ ਸੁ ਸ੍ਵਰੂਪ ਮਹਾਨੰ ॥੧ ॥ਰਹਾਉ ॥
੬. ਗੁਰ ਉਪਦੇਸ਼-ਸਿਖਨ ਪ੍ਰਤਿ ਭਾਸਨ, ਮੁਦਿਤ-'ਕੱਛ'-ਕੇਸ- "ਕ੍ਰਿਪਾਨੰ" ॥
੭. ਤਾ ਕੀ ਰਹਿਨ-ਸ੍ਰਤਯਕਤਿ ਭਾਖਤ-ਦਸ ਗ੍ਰਾਹੀ-ਖਾਲਸਹ ਪ੍ਰਧਾਨੰ ॥

---

* ਦ੍ਵਾਦਸ : ੧੦+੨ =੧੨ = ਵਿਆਖਿਆ : ਦਸ ਪਾਤਸ਼ਾਹੀ (੧੦) (ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਤੋਂ ਲੈ ਕੇ- ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਤੱਕ) ਸਤਿਗੁਰਾਂ ਆਤਮ ਜੋਤ (ਸ਼ਕਤ) ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅਸਥਾਪਨ ਕਰਕੇ- ਗਿਆਰਵੇਂ ਗੁਰੂ ਪਦਵੀ ਬਖਸ਼ਸ਼ ਕੀਤੀ, ਫੁਰਮਾਇਆ "ਖਾਸ ਗ੍ਰੰਥ ਗੁਰੂ ਰੂਪ ਬਦੰਤਾ"

ਬਾਰਵਾਂ : ਗੁਰੂ ਰੂਪ 'ਖਾਲਸਾ' (ਗ੍ਰੰਥ-ਪੰਥ-ਖਾਲਸ ਵਰਤੰਤਾ) ॥ ਸਤਿਗੁਰਾਂ ਖਾਸ ਰੂਪ ਖਾਲਸੇ ਨੂੰ ਬਖਸ਼ਸ਼ ਕੀਤਾ ਤਾਂ ਤੇ ਸਤਿਗੁਰੂਾਂ ਸਰਬ ਲੋਹ ਗ੍ਰੰਥ ਵਿਚ ਫੁਰਮਾਇਆ ਕਿ "ਖਾਲਸਾ ਮੇਰੋ ਰੂਪ ਹੈ ਖਾਸ ॥ ਖਾਲਸਹਿ ਮਹਿ ਹਉ ਕਰਹੁ ਨਿਵਾਸੁ ॥"

ਜਿਸ ਖਾਲਸੇ ਨੂੰ ਆਪਣਾ ਖਾਸ ਰੂਪ ਕਿਹਾ ਹੈ, ਉਹਨਾਂ ਦੇ ਲੱਛਣ ਗੁਣ ਉਪਰ ਲਿਖੇ ਹਨ, ਉਸ ਖਾਲਸਾ ਪ੍ਰਤੀ ਦਸਮ ਗ੍ਰੰਥ ਵਿਚ ਫੁਰਮਾਇਆ

*ਇਨਿ ਹੀ ਕੀ ਕ੍ਰਿਪਾ ਕੇ ਸਜੇ ਹਮ ਹੈਂ, ਨਹੀ ਮੋ ਸੋ ਗਰੀਬ ਕਰੋਰ ਪਰੇ ॥*

ਦਸਮ ਗ੍ਰੰਥ ਪੰਨਾ (ਪਾ :੧੦)

੧. ਦਸ ਗ੍ਰਹਿਨ ਕਰਨ ਵਾਲੇ ਗੁਣ

੮. ੧. ਦਯਾ ੨. ਦਾਨ

੩. ਛਮਾ ੪. ਸਨਾਨੰ

੫. ਸੀਲ ੬. ਸੁਚ

੭. ਸਤਯੰ ਸੰਭਾਨੰ ॥ ੮. ਸਾਧਨ ਸਿਧ

੯. ਸੂਰ ੧੦. ਭਗਤ ਮਨਿ, ਦਸ ਗ੍ਰਾਹੀ ਆਸਕਤ ਮਾਨੰ ॥੯॥

੯. ਦਸ ਤਿਆਗਨ ਦੇ ਯੋਗ ਕਰਮ

ਬਿਰੋਧਮਤ-ਸਾਧਨ, ਹਿੰਸਾ-ਅਹੰਕਾਰ-ਆਲਸ-ਕ੍ਰਿਪਨਤ੍ਵ ਪ੍ਰਮਾਨੰ ॥
ਕਠੋਰਤਾ-ਜੜਤ-ਕੁਚੀਲਿਤੁ-ਅਸਊਚੰ ਕਲਮ ਸਾ ਰੁ ਅਭਿਗਤਿ ਆਨੰ ॥

੧੦. ਦਸ ਗ੍ਰਾਹੀ - ਦਸ ਤਿਯਾਗੀ-ਐਸੋ ਤਾਹਿ, ਖਾਲਸਹਿ ਕਥਤ ਸੁਜਾਨੰ ॥

੧੧. ਅਸ ਖਾਲਸਹਿ-ਖਾਲਸ ਪਦ ਪ੍ਰਾਪਤਿ, ਨਿਰੰਕਾਰਿ ਸੁ ਸੂਰੂਪ ਮਹਾਨੰ ॥੭॥

ਸ੍ਰੀ ਸਰਬਲੋਹ ਗ੍ਰੰਥ ਪੰਨਾ (੬੬੬-੬੭)

ਸਰਬ ਲੋਹ ਗ੍ਰੰਥ ਵਿਚ ਕਲਗੀਧਰ ਜੀ ਨੇ ਜੋ ਗ੍ਰੰਥ ਤੇ ਪੰਥ ਪ੍ਰਤੀ ਵਰਨਣ ਕੀਤਾ ਹੈ, ਇਸ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੂਸਰੇ ਇਸ਼ਟ- ਪੰਥ (ਗੁਰੂ ਖਾਲਸੇ ਦੇ ਪੂਜਯ ਇਸ਼ਟ ਦਰਸਾ ਕੇ ਸਾਰੇ ਭਰਮ ਭੁਲੇਖ ਦੂਰ ਕਰ ਦਿੱਤੇ।)

**ਗੁਰਸਿੱਖ :** ਸਤਿਗੁਰੋ ਆਪ ਜੀ ਨੇ ੧. ਅਕਾਲ ਪੁਰਖੁ ੨. ਸ੍ਰੀ ਗੁਰੂ ਗ੍ਰੰਥ ਸਾਹਿਬ ਦੋਹਾਂ ਇਸ਼ਟਾਂ ਪ੍ਰਤੀ ਤਾਂ ਵਿਸਥਾਰ ਪੂਰਬਕ ਨਿਰਨਾ ਕਰਵਾ ਦਿੱਤਾ ਹੈ।

ਆਪ ਜੀ ਸ਼ਸ਼ਤ੍ਰ (ਕ੍ਰਿਪਾਨ) ਪ੍ਰਤੀ 'ਪੀਰ' ਕਹਿ ਫੁਰਮਾਇਆ ਹੈ- ਇਸ ਦਾ ਭਾਵ ਸਮਝਾਵੋ।

ਅਸਿ-ਕ੍ਰਿਪਾਨ-ਖੰਡੋ-ਖੜਗ-ਤੁਪਕ-ਤਬਰ ਅਰ ਤੀਰ ॥
ਸੈਫ-ਸਰੋਹੀ-ਸੈਹਥੀ-ਯਹੀ ਹਮਾਰੇ "ਪੀਰ" ॥

ਇਹ ਭੀ ਜਦ ਆਪ ਜੀ ਨੇ "ਪੀਰ" ਕਿਹਾ ਹੈ ਤਾਂ ਇਹ ਭੀ ਪੂਜਯ 'ਕ੍ਰਿਪਾਨ' ਇਸ਼ਟ ਹੋਈ, ਇਸ ਦਾ ਨਿਰਣਾ ਕਰ ਸਮਝਾਓ।

**ਸਤਿਗੁਰੂ ਜੀ :** ਧੰਨ ਹੋ ਤੁਸੀਂ ਗੁਰ ਸਿਖੋ, ਜੋ ਤੁਸਾਂ ਬੜੇ ਅਮੋਲਕ ਸਮੇਂ ਕ੍ਰਿਪਾਨ (ਭਗਉਤੀ) ਇਸ਼ਟ ਬਾਰੇ ਪ੍ਰਸ਼ਨ ਕੀਤਾ ਹੈ। ਜੋ ਅਤੀ ਜ਼ਰੂਰੀ ਸੀ। ਕਿਉਂਕਿ ਇਸ ਦੀ ਮਹੱਤਤਾ, ਸੇਵਾ ਪੂਜਾ ਬਾਰੇ ਨਾ ਸਮਝ ਹੋਣ ਦੇ ਅਨਜਾਣਪੁਨੇ ਵਿਚ ਇਸ ਕ੍ਰਿਪਾਨ ਦਾ ਨਿਰਾਦਰ ਕਰ ਬੈਠਦੇ ਹਾਂ। ਨਾ ਜਾਨਣ ਕਰਕੇ ਸਤਿਕਾਰ ਦੀ ਬਜਾਏ ਸਗੋਂ ਅਜੇਹੀ ਅਯੋਗ ਵਰਤੋਂ ਕਰਕੇ ਬੇਅਦਬੀ ਕਰਕੇ ਪਾਪ ਦੇ ਭਾਗੀ ਬਣ ਜਾਂਦੇ ਹਾਂ।

**ਜਿਹਾ ਕਿ :** ਕ੍ਰਿਪਾਨ ਨਾਲ ਦਾਤਨਾਂ ਲਾਹਣੀਆਂ-ਗੰਢੇ ਜਾਂ ਸਬਜ਼ੀ ਚੀਰਣੀ ਘਰੋਗੀ ਲੋੜ ਪੈਣ 'ਤੇ ਚਾਕੂ ਦੀ ਬਜਾਏ ਕ੍ਰਿਪਾਨ ਵਰਤ ਲੈਂਦਾ ਹਾਂ। ਕਈ ਵਾਰੀ ਵੇਖਿਆ ਗਿਆ ਹੈ ਕਿ ਭੁਏਂ ਜਾਂ ਜੋੜਿਆਂ ਵਿਚ ਰੱਖ ਦੇਣੀ, ਭਾਵ ਇਸ 'ਕ੍ਰਿਪਾਨ' ਦੀ ਮਹੱਤਤਾ ਨਾ ਜਾਨਣ ਕਰਕੇ ਜਿਵੇਂ ਜੀ ਕੀਤੀ ਵਰਤੋਂ ਕਰ ਲਈ, ਜੋ ਮਨਮਤ ਤੇ ਅਗਿਆਨਤਾ ਕਰਕੇ ਭਾਰੀ ਭੁੱਲ ਹੈ।



ਕਿਉਂਕਿ ਅਕਾਲ ਫੌਜ ਤਾਂ ਹੀ ਅਖਾਵੈਗੀ-ਜੇ ਸ਼ਸ਼ਤ੍ਰਧਾਰੀ ਹੋਵੈਗੀ- ਜਿਵੇਂ ਛਤ੍ਰੀ (ਫੌਜੀ ਸ਼ਸ਼ਤ੍ਰ ਤੇ ਬਸਤ੍ਰ ਫੌਜ ਦੇ ਨਿਯਮਾਂ ਮੁਤਾਬਕ ਪਹਿਨਣ ਵਾਲਾ ਹੀ ਫੌਜੀ ਅਖਵਾ ਸਕਦਾ ਹੈ।)

ਇਸੇ ਤਰ੍ਹਾਂ ਜੇ ਖਾਲਸਾ (ਅਕਾਲ ਪੁਰਖ ਦੀ ਫੌਜ) ਜੇ ਸ਼ਸ਼ਤ੍ਰ ਧਾਰੀ ਅਤੇ ਬਾਣੇ ਦਾ ਧਾਰਨੀ ਨਹੀਂ ? ਤਾਂ ਅਕਾਲ ਫੌਜ ਦਾ ਖਾਲਸਾ ਅਖਵਾਉਣ ਦਾ ਹੱਕਦਾਰ ਨਹੀਂ ?

ਸਤਿਗੁਰਾਂ ਜੋ ਸਿੱਖਾਂ ਦੇ ਇਸ ਪ੍ਰਸ਼ਨ ਦਾ ਉੱਤਰ ਦਿੱਤਾ ਹੈ ਉਸ ਦਾ ਉੱਤਰ ਗਿਆਨੀ ਗਿਆਨ ਸਿੰਘ ਜੀ ਪੰਥ ਪ੍ਰਕਾਸ਼ ਦੇ ਪੰਨਾ ੨੩੪ ਤੋਂ ੨੩੮ ਤੱਕ ਅੰਕਤ ਹੈ ਕ੍ਰਿਪਾਨ ਇਸ਼ਟ ਪਤੀ ਵਰਨਣ ਕੀਤਾ ਜਾਂਦਾ ਹੈ। ਜੋ ਇਸ ਪੁਸਤਕ ਦਾ ਭਾਵ ਅਰਥ-ਮੁਖ ਸਿਰਲੇਖ 'ਕ੍ਰਿਪਾਨ ਇਸ਼ਟ' ਅੰਕਤ ਕੀਤਾ ਹੈ- ਉਸ ਪ੍ਰਤੀ ਜਾਨਣ ਕਰੀਏ :

## ਕ੍ਰਿਪਾਨ ਇਸ਼ਟ

ਦੋਹਰਾ ॥ ਪ੍ਰਸ਼ਨ ਉਤਰ ਹੋਹਿੰਗੇ-ਇਅਧਯਾਇ ਮੈ ਹੇਰ ॥
ਜਿਤਨੇ ਥੈ ਹੈ ਪ੍ਰੋਛਤਾ-ਪੰਥ ਖਾਲਸੇ ਕੇਰ ॥੧॥

ਪੰਥ ਪ੍ਰਕਾਸ਼ ਪੰਨਾ ੨੩੪ ਤੋਂ ਸ਼ੁਰ

ਜਦ ਸਤਿਗੁਰਾਂ ਪੰਥ ਖਾਲਸਾ ਦੀ ਸਿਰਜਨਾ ਕੀਤੀ, ਤਾਂ ਅੰਮ੍ਰਿਤ ਛਕਾਣ ਸਮੇਂ ਰਹਿਤ ਮਰਯਾਦਾ-ਕੁਰਹਿਤਾਂ ਅਤੇ ਨਿਤ ਕ੍ਰਿਆ ਸਭ ਸਿੰਘਾਂ ਨੂੰ ਦਰਸਾਉਣਾ ਕੀਤਾ

੧. ਰਹਿਤ : ਪੰਜ ਕਕਾਰ = ਕੇਸ-ਕੰਘਾ-ਕੜਾ-ਕ੍ਰਿਪਾਨ ਤੇ ਕਛਹਿਰਾ ਜ਼ਰੂਰੀ ਕਕਾਰ ਦਰਸਾਨ ਨਾਲ ਪੂਜਯ ਕ੍ਰਿਪਾਨ ਬਾਰੇ ਭੀ ਫੁਰਮਾਇਆ।

ਪੰਥ ਪ੍ਰਕਾਸ਼ ਦਾ ਕਰਤਾ ਗਿ. ਗਿਆਨ ਸਿੰਘ ਇਸ 'ਇਸ਼ਟ ਕ੍ਰਿਪਾਨ' ਪ੍ਰਤੀ ਇਉਂ ਲਿਖਦੇ ਹਨ :

੧. ਪੂਰਬ ਰਹਿਤ ਬਤਾਨ ਮੈਂ ਦਸਮ ਗੁਰੂ "ਕ੍ਰਿਪਾਨ" ॥
੨. "ਇਸ਼ਟ" ਦ੍ਰਿੜਾਯੋ ਸਿੱਖਨ ਕੋ, ਔਰ ਦੇਵ ਦਰਹਾਨਿ ॥੨॥
੩. ਅਰ ਨਿਜ ਬਾਨੀ ਮੈਂ- ਗੁਰ ਇਹੋ ਵਰਨਿਓ ਬੀਰ ॥
੪. ਸੈਫ਼-ਸਰੋਹੀ-ਸੈਹਥੀ-ਯਹੀ ਹਮਾਰੇ "ਪੀਰ" ॥੩॥

ਸਿੰਘਾਂ ਨੇ ਬੇਨਤੀ ਕੀਤੀ ਕਿ ਆਪ ਜੀ ਨੇ ਦੋ ਇਸ਼ਟ ਖਾਲਸਹਿ ਦੇ ਪੂਜਨ ਲਈ ਦਰਸਾਏ ਹਨ, ਇਹ ਤੀਸਰੇ ਇਸ਼ਟ ਕ੍ਰਿਪਾਨ ਇਸ਼ਟ ਦੀ ਮਹੱਤਤਾ ਦਰਸਾਉਣਾ ਕਰੋ।

੧. ਅਕਾਲ ਉਸਤਤਿ -ਅਰ ਜਾਪ ਵਿਚ ਹੈ, ਇਸ਼ਟ "ਅਕਾਲ" ॥
੨. ਗੁਰੂ ਰੂਪ ਗ੍ਰੰਥ ਕੋ, ਵਰਨਿਉ ਪੁਨਾ, ਬਿਸਾਲ ॥੪॥
੩. ਇਸ਼ਟ ਪੂਜਯ-ਉਧਾਸ ਇਹੁ, ਕਯੋਂ ਵਰਨੇ ਗੁਰ ਤੀਨ ॥
੪. ਇਨ ਕਾ ਉਤਰ ਦੈ ਅਬੈ, ਆਗੇ ਚਲੇ ਪਰਬੀਨ ॥੫॥-

**ਦਸ਼ਮੇਸ਼ ਜੀ ਦਾ ਉੱਤਰ** **ਗੀਆ ਛੰਦ ॥**

੧. ਅਬ ਲੇਹੁ ਉਤਰ! ਏਹੁ ਪਿਆਰੇ, ਸਾਚ ਸਬਦ-ਗੁਰ ਗਾਇਉ ॥
੨. ਹੈ ਇਸ਼ਟ "ਅਕਾਲ" ਗੁਰ ਕਾ, ਸੋਊ ਸਿਖਨ ਦ੍ਰਿੜਾਇਉ ॥

ਹਾਂ ਪਿਆਰਿਉ :

੩. ਭਜ ਏਕ "ਪੁਰਖ ਅਕਾਲ" ਕੋ, ਨਰ ਦੇਵ ਔਰੋਂ ਜੋ ਭਜੈਂ ॥
੪. ਵਹਿਮੂਲ ਤੈਅ ਦ੍ਰਿੜ, ਭੂਲ ਕੈ- ਦਲ ਫੂਲ ' ਸਾਖਾ ਕੋ ਜਜੈਂ ॥

ਅਸਾਂ "ਕ੍ਰਿਪਾਨ ਇਸ਼ਟ" ਕਿਉਂ ਕਿਹਾ ਹੈ ਸੁਣੋ :

੧. ਅਬ ਸੁਣੋ ! ਪ੍ਰਿਥਮ "ਗੁਰੂ ਕ੍ਰਿਪਾਨ" ਇਸ਼ਟ ਉਚਾਰੀਓ ॥
੨. ਜਿਸ ਹੇਤ-ਗੁਰਸਿਖ ਰਾਖਤ, ਸੀਸ ਮੈਂ ਨਿਰ ਧਾਰਿਓ ॥

ਐ ਗੁਰ ਸਿਖੋ ! ਅਸਾਂ ਜੋ ਗੁਰੂ ਖਾਲਸੇ ਦੀ ਪੂਜਨ ਲਈ ਦੋ ਇਸ਼ਟ ਵਰਨਣ ਕੀਤੇ ਹਨ, ਕ੍ਰਿਪਾਨ ਇਸ਼ਟ ਦਾ ਵਰਨਣ, ਜੋ ਆਦਿ ਕਾਲ ਤੋਂ ਕ੍ਰਿਪਾਨ ਕਿਉਂ ਕਿਸ ਕਾਰਜ ਲਈ ਕਿਵੇਂ ਇਸ ਦਾ ਪ੍ਰਗਟ ਹੋਣਾ ਹੋਇਆ, ਕਿਸ ਨੇ ਪ੍ਰਗਫ ਕੀਤੀ ਅਤੇ ਕਿਸ ਕਿਸ ਨੇ ਕ੍ਰਿਪਾਨ ਦੀ ਵਰਤੋਂ ਕੀਤੀ- ਗੁਰੂ ਇਸ਼ਟ ਪਦਵੀ ਕਿਉਂ ਕਰ ਕਦੋਂ ਤੇ ਕਿਵੇਂ ਮਿਲੀ- ਇਸ ਦਾ ਵਰਨਣ ਇਸ ਪ੍ਰਕਾਰ ਹੈ।

ਉੱਤਰ :

੧. ਜਬ ਭਯੋ ਜਗ ਮਹਿ *"ਮੁਰੂ ਰਾਖਸ਼ ਦੈਂਤ" ਅਤਿ ਬਲਵਾਨ ਹੈ ॥
੨. ਉਨ ਦੂਖ ਜਗ ਕੋ, ਅਤੀ ਦੀਨੋ, ਇੰਝ ਕੀਨ ਹੈਰਾਨ ਹੈ ॥
੩. ਬਲਲਾਇ ਹਾਰੇ ਦੇਵਤੇ, ਜਬ ਮਰਯੋ ਨ ਅਸੁਰੇਵ ਹੈ ॥
੪. ਤਬ ਜਾਇ "ਹਿਮਗਿਰ" ਸਿਖਰ ਬ੍ਰਹਮਾ- ਸਗ ਰਿਖਿ-ਮੁਨਿ ਦੇਵ ਹੈ ॥
੫. ਬਹੁ ਬਿਧਿ ਕੀਨੋ 'ਹਵਨ'- ਪ੍ਰਗਟਿਓ "ਖੜਗ" ਰੂਪ ਮੁਰਾਰਿ ਹੈ ॥
੬. ਦੁਤਿ ਕੋਟਿ ਦਾਮਨਿ, ਭਾਨ ਸੀ, ਨਹਿ ਸਕਿਯੋ ਕੋ ਸੰਭਾਰ ਹੈ ॥

---

* ਮੁਰ ਦੈਂਤ : ਮੁਰ ਦੈਂਤ (ਮਹਿਖਾਸੁਰ ਦੈਂਤ) ਦਾ ਵਿਸਥਾਰ ਪੂਰਬਕ ਯੁੱਧ ਦਸ਼ਮੇਸ਼ ਜੀ ਨੇ, ਦਸਮ ਸ੍ਰੀ ਗ੍ਰੰਥ ਸਾਹਿਬ ਵਿਚ ਪੰਨਾ ੭੪ ਤੋਂ ਪਹਿਲਾਂ ਬਿਸਨੂੰ ਨੇ ਕੰਨਾਂ ਦੀ ਮੈਲ ਤੋਂ 'ਮਧਿ-ਕੈਟਭ' ਨਾਮ ਦੈਂਤ ਪੈਦਾ ਕੀਤੇ ਜਿਨਾਂ ਤੇ ਡਰ ਤੋਂ ਬ੍ਰਹਮਾ ਭੀ ਭੈ-ਭੀਤ ਹੋ ਗਿਆ।

"ਯੁਧਿ ਕਰਿਓ-ਤਿਨ ਸੌ-ਭਗਵੰਤ, ਮਾਰ ਸਕੈ, ਅਤਿ ਦੈਂਤ ਬਲੀ ਹੈ।" ਇਹ ਦੈਂਤ ਇਤਨਾ ਬਲੀ ਸੀ, ਇਸ ਨਾਲ ਵਿਸ਼ਨੂੰ ਪੰਜ ਹਜ਼ਾਰ ਸਾਲ ਲੜਨ ਤੇ ਜਿੱਤ ਨਾ ਸਕਿਆ। ਤਦ ਦੈਂਤ ਨੇ ਵਿਸ਼ਨੂੰ ਨੂੰ ਕਿਹਾ ਵਰ ਮੰਗ ਤਾਂ ਵਿਸ਼ਨੂੰ ਕਿਹਾ ਸਿਰ ਦੇ ਦਿਉ ਤਾਂ ਦੈਂਤ ਨੇ ਕਿਹਾ ਸਿਰ ਬੇਸ਼ਕ ਲੈ ਲਵੋ ਪਰ ਜਿੱਥੇ ਪਾਣੀ ਨਾ ਹੋਵੇ- ਤਾਂ ਵਿਸ਼ਨੂੰ ਨੇ ਪੱਟਾਂ ਤੇ ਰੱਖ ਕੇ ਸਿਰ ਕਟਿਆ ਤਾਂ ਵਿਸ਼ਨੂੰ ਨੇ ਇਸੇ ਕ੍ਰਿਪਾਨ ਨਾਲ ਸਿਰ ਕਟਿਆ। (ਹਰਵੰਸ ਦੇ ਅਧਯੇ ੫੨ ਵਿਚ ਲਿਖਿਆ ਕਿ ਬ੍ਰਹਮਾ ਨੇ ਦੋ ਮਿੱਟੀ ਦੇ ਖਿਡੌਣੇ ਬਨਾਏ, ਜਦ ਉਹਨਾਂ ਵਿਚ ਜਾਣ ਪਾਈ ਤਾਂ ਉਹ "ਮਧ-ਕੈਟਭ" ਦੈਂਤ ਹੋ ਗਏ)

2. ਇਸ ਤੋਂ ਪਿਛੋਂ "ਮਹਿਖਾਸੁਰ ਦੈਂਤ" ਪੈਦਾ ਹੋ ਗਿਆ। ਜਿਸ ਨੇ ਸਾਰੇ ਦੇਵਤਿਆਂ ਦੀਆਂ ਪੁਰੀਆਂ ਤੇ ਕਬਜ਼ਾ ਕਰਕੇ ਦੇਵਤਿਆਂ ਨੂੰ ਕੱਢ ਦਿੱਤਾ, ਬ੍ਰਹਮਾ ਬਿਸ਼ਨੂੰ ਤੇ ਸ਼ਿਵਜੀ ਸਮੇਤ ਸਾਰਿਆਂ ਦੇਵੀ ਦੇਵਤਿਆਂ ਨੇ ਹਿਮਗਿਰ (ਕੈਲਾਸ਼ ਪਰਬਤ) ਤੇ ਜਾ ਕੇ ਅਕਾਲ ਪੁਰਖ ਦੀ ਮਹਾਨ ਸ਼ਕਤ (ਚੰਡਕਾ-ਦੁਰਗਾ-ਭਗਉਤੀ ਨਾਮਾ ਵਾਲੀ) ਨੂੰ ਪ੍ਰਗਟ ਕਰਨ ਲਈ ਵੇਦਾਂ ਦੀਆਂ ਰਿਚਾਂ ਦੁਆਰਾ ਹਵਨ (ਅਰਾਧਨਾ) ਕੀਤੀ ਤਾਂ ਉਹ ਹਵਨ ਕੁੰਡ ਵਿਚੋਂ "ਖੜਗ ਕ੍ਰਿਪਾਨ" ਰੂਪ ਮੁਰਾਰ (ਭਗਵਾਨ) ਧਾਰ ਕੇ ਪ੍ਰਗਟੇ। ਪਰ ਉਸ "ਖੜਗ-ਕ੍ਰਿਪਾਨ" ਦੀ ਚਮਕ-ਦਮਕ-ਤੇਜ (ਪ੍ਰਕਾਸ਼ ਹਜ਼ਾਰਾਂ ਸੂਰਜ ਵਾਂਗ ਸੀ) ਜਿਸ ਨੂੰ ਕੋਈ ਭੀ ਦੇਵਤਾ ਸੰਭਾਲ ਸਕਨ ਤੋਂ ਅਸਮਰਥ ਰਿਹਾ। ਤਦ ਨਭ ਬਾਣੀ ਹੋਈ - ਐ ਦੇਵਤਿਓ, ਇਹ ਮੇਰੀ



ਦੇਵਬਾਨੀ :

੭. ਤਬ 'ਦੇਵਬਾਨੀ' ਭਈ ਨਤ ਤੇ, ਅਹੋ ! ਅਜ ਗਰਿ ਲੀਜੀਏ ॥ (ਹਥ ਵਿਚ)
੮. ਇਸ ਸੰਗ "ਮੁਰੂ" ਕੋ ਮਾਰ ਕੈ, ਸਭ ਜਗਤ ਕੋ ਸੁਖ ਦੀਜੀਏ ॥
੯. ਸੁਨ-ਸੁਖਦਾਨੀ-ਦੇਵਬਾਨੀ, 'ਖੜਗ' ਬ੍ਰਹਮਾ ਜੀ ਲਯੋ ॥
੧੦. ਪੜ੍ਹ ਮੰਤਰ "ਕਵਚ ਬਤੀਸ ਨਾਮੰ", ਹਾਥ ਬਿਸਨੂ ਕੋ ਦਯੋ ॥
੧੧. ਹਰਿ ਤਾਹਿ ਸੇ "ਮੁਰ" ਮਾਰ ਕੈ, 'ਮੁਰਾਰੀ' ਜਗ ਬਿਦਤਾਇਓ ॥
੧੨. ਫਿਰ ਤਾਂਹਿ ਸੇ ਬਿਧ-ਤ੍ਰਿਪੁਰਾ ਕੋ, ਤ੍ਰਿਪੁਰਾਰੀ- 'ਸ਼ਿਵ' ਸਦਵਾਇਓ ॥

ਦੇਵਤਿਆਂ ਦਾ ਹੰਕਾਰ ਤੋੜਨ ਲਈ- ਅਕਾਲ ਪੁਰਖ ਨੇ 'ਮੁਰ' ਦੈਂਤ ਪੈਦਾ ਕੀਤਾ, ਜੋ ਮਹਾਬਲੀ ਸੀ, ਜਿਸ ਨੇ ਸਾਰੇ ਦੇਵਤਿਆਂ ਦੀਆਂ ਪੁਰੀਆਂ ਤੇ ਕਬਜ਼ਾ ਕਰਕੇ ਸਭ ਨੂੰ ਇਹਨਾਂ ਦੀਆਂ ਪੁਰੀਆਂ ਤੋਂ ਕੱਢ ਦਿੱਤਾ।

ਤਾਂ 'ਮੁਰ ਦੈਂਤ' ਦੇ ਮਾਰਨ ਲਈ ਬ੍ਰਹਮਾ-ਵਿਸ਼ਨੂੰ-ਸ਼ਿਵ ਸਹਿਤ ਸਾਰੇ ਦੇਵਤੇ ਬਲ (ਯੁੱਧ ਕਰਕੇ ਹਾਰ ਗਏ) ਤਦ ਇਹਨਾਂ ਸਾਰਿਆਂ ਨੇ ਕੈਲਾਸ਼ ਪਰਬਤ ਤੇ ਹਵਨ ਕੀਤਾ, ਤਾਂ ਉਸ ਵਿਚੋਂ 'ਖੜਗ' ਕ੍ਰਿਪਾਨ ਪ੍ਰਗਟ ਹੋਈ- ਜਿਸ ਦਾ ਇਤਨਾ ਤੇਜ਼ ਪ੍ਰਕਾਸ਼ ਸੀ ਜਿਸ ਨੂੰ ਕਿਸੇ ਦੇਵਤੇ ਦੀ ਹਿੰਮਤ ਨਾ ਪਈ ਪਕੜਨ ਦੀ।

ਨਭ ਬਾਣੀ ਹੋਈ - ਐ ਦੇਵਤੋ ਇਹ ਮੇਰੀ ਮਹਾਨ ਸ਼ਕਤ ਕ੍ਰਿਪਾਨ ਹੈ ਜਿਸ ਨਾਲ 'ਮੁਰ ਦੈਂਤ' ਮਾਰਨ ਹੋਵੇਗਾ, ਮੇਰੀ 'ਖੜਗ' ਸ਼ਕਤਿ ਦੀ ਉਸਤਤ ਕਰੋ ਤਾਂ ਬ੍ਰਹਮ੍ਹਾ ਨੇ 'ਬ੍ਰਹਮ ਕਵਚ' ਉਚਾਰਨ ਕੀਤਾ ਜੋ ਅਗੇ ਅੰਕਤ ਕੀਤਾ ਹੈ ਅਕਾਲ ਪੁਰਖ ਦੀ ਸ਼ਕਤ "ਕ੍ਰਿਪਾਨ" ਨਾਲ ਮੁਰ (ਮਹਿਖਾਸੁਰ ਦੈਂਤ) ਮਾਰਨ ਕੀਤਾ। ਜਿਸ ਦਾ ਜ਼ਿਕਰ ਦਸ਼ਮੇਸ਼ ਜੀ ਨੇ ਦਸਮ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਚੰਡੀ ਦੀ ਵਾਰ ਵਿਚ ਇਉਂ ਫ਼ੁਰਮਾਇਆ ਹੈ।

੧. ਸਾਧੂ ਸਤਿਜੁਗੁ ਬੀਤਿਆ, ਅਧਸੀਲੀ ਤ੍ਰੇਤਾ ਆਇਆ ॥
੨. ਨਚੀ ਕਲਸਰੋਸਰੀ, ਕਲਿ-ਨਾਰਦ, ਡਉਰੂ ਵਾਇਆ ॥
੩. ਅਭਿਮਾਨ ਉਤਾਰਨ ਦੇਵਤਿਆ, "ਮਹਿਖਾਸੁਰ" ਸੁੰਡ ਉਪਾਇਆ ॥
੪. ਜੀਤ ਲਏ ਤਿਨ ਦੇਵਤੇ, ਤਿਹੁ ਲੋਕੀ ਰਾਜ ਕਮਾਇਆ ॥
੫. ਵਡਾ ਬੀਰ ਅਖਾਏ ਕੈ, ਸਿਰ ਉਪਰ ਛਤ੍ਰ ਫਿਰਾਇਆ ॥
ਦਿੱਤਾ ਇੰਝ ਨਿਕਾਲ ਕੈ, ਤਿਨ "ਗਿਰਿ ਕੈਲਾਸ਼" ਤਕਾਇਆ ॥

---

ਮਹਾਨ ਸ਼ਕਤ ਹੈ, ਜਿਸ ਨਾਲ ਮੁਰਦੈਂਤ ਮਰੇਗਾ- ਇਸ ਕ੍ਰਿਪਾਨ ਸ਼ਕਤ ਦੀ ਉਸਤਤ ਕਰੋ, ਮੁਰ ਨੂੰ ਇਸ ਨਾਲ ਮਾਰ ਕੇ ਜਗਤ ਨੂੰ ਸੁਖੀ ਕਰੋ।

ਜਦ ਬ੍ਰਹਮਾ ਨੇ ਉਸਤਤ ਕੀਤੀ *(ਜਿਸ ਨੂੰ "ਬ੍ਰਹਮ ਕਵਚ" ਕਿਹਾ ਜਾਂਦਾ ਹੈ) ਉਹ ਪੜ੍ਹਨ ਨਾਲ, ਬ੍ਰਹਮਾ ਨੇ ਮਹਾਨ ਸ਼ਕਤ, ਕ੍ਰਿਪਾਨ ਨੂੰ ਹੱਥ ਵਿਚ ਲੈਕੇ, ਵਿਸ਼ਨੂੰ ਨੂੰ ਇਹ ਤਲਵਾਰ ਦਿੱਤੀ, ਇਹੀ ਤਲਵਾਰ ਸ਼ਿਵਜੀ ਤੇ ਤ੍ਰਿਪੁਰੇ ਮਾਰ, ਚੰਡਕਾ ਨੇ ਇਸੇ ਕ੍ਰਿਪਾਨ ਨਾਲ ਮੁਰ ਦੈਂਤ ਨੂੰ ਮਾਰਨ ਕੀਤਾ।

* 'ਬ੍ਰਹਮ ਕਵਚ' ਬ੍ਰਹਮਾ ਦਾ 'ਕ੍ਰਿਪਾਨ' ਲਈ ਉਚਾਰਨ ਕੀਤਾ 'ਬ੍ਰਹਮ ਕਵਚ' ਜੋ 32 ਅੱਖਰਾਂ ਦਾ ਅਗੇ ਲਿਖਿਆ ਪੜ੍ਹਨਾ, ਇਸ 'ਬ੍ਰਹਮ ਕਵਚ' ਮੰਤਰ ਦੀ ਮਰਯਾਦਾ ਮੁਤਾਬਕ ਸਿਧ ਕਰਨ ਤੇ ਸੂਰਮਾ ਕ੍ਰਿਪਾਨ ਦੁਆਰਾ ਜੰਗ ਵਿਚ ਹਾਰ ਨਹੀਂ ਸਕਦਾ, ਜਿੱਤ ਪ੍ਰਾਪਤ ਹੀ ਕਰੇਗਾ।

ਡਰਿ ਕੈ ਹਥੋਂ ਦਾਨਵੀ, ਦਿਲ ਅੰਦਰਿ ਤ੍ਰਾਸ ਵਧਾਇਆ॥
ਪਾਸ ਦੁਰਗਾ ਦੇ ਇੰਦ੍ਰ ਆਇਆ॥੩॥

(ਚੰਡੀ ਦੀ ਵਾਰ ਪਾ: ੧੦- ਦਸਗ੍ਰੰਥ ਪੰ : ੧੧੯)

ਨਿਰੰਕਾਰ ਤੇ ਜਗਤ ਦਾ ਤਮਾਸ਼ਾ ਵੇਖਣ ਲਈ ਸੰਸਾਰ ਰਚਨਾ ਸਮੇਂ ਹੀ ਦੇਵਤੇ ਤੇ ਦੈਂਤ ਰਚ ਕੇ, ਇਹਨਾਂ ਵਿਚ ਝਗੜਾ ਪੁਵਾ ਕੇ,

"ਬੈਠਾ ਵੇਖੈ-ਵਖ ਇਕੇਲਾ"

ਜੋ ਚੰਡੀ ਦੀ ਵਾਰ ਵਿਚ ਮੁੱਢ 'ਚ ਹੀ ਦਸ਼ਮੇਸ਼ ਜੀ ਨੇ ਫੁਰਮਾਨ ਕੀਤਾ ਹੈ-

**ਪਉੜੀ॥**

੧. ਖੰਡਾ ਪ੍ਰਿਥਮੈ ਸਾਜਿ ਕੈ-ਜਿਨਿ ਸਭ ਸੈਸਾਰੁ ਉਪਾਇਆ॥
੨. ਬ੍ਰਹਮਾ-ਬਿਸਨੁ-ਮਹੇਸ ਸਾਜਿ-ਕੁਦਰਤੀ ਦਾ ਖੇਲ ਰਚਾਇਆ॥
੩. ਸਿੰਧ-ਪਰਬਤ-ਮੇਦਨੀ, ਬਿਨ ਥੰਮਾ ਗਗਨੁ ਰਹਾਇਆ॥
੪. ਸਿਰਜੇ "ਦਾਨੋ-ਦੇਵਤੇ" ਤਿਨ ਅੰਦਰਿ "ਬਾਦੁ" ਰਚਾਇਆ॥
੫. ਤੈਂ ਹੀ 'ਦੁਰਗਾ' ਸਾਜਿ ਕੈ- ਦੈਂਤਾ ਦਾ ਨਾਸੁ ਕਰਾਇਆ॥....੨॥

ਜਦ ਅਕਾਲ ਪੁਰਖ ਨੇ ਸ੍ਰਿਸਟੀ ਸਾਜੀ ਦੈਂਤ ਤੇ ਦੇਵਤੇ ਸਾਜੇ, ਇਹਨਾਂ ਦਾ ਮੁਢੋਂ ਵੈਰ ਵਿਰੋਧ ਦੀ ਖੇਡ ਰਚ ਦਿੱਤੀ ਤਾਂ ਦੇਵਤਿਆਂ ਤੇ ਦੈਂਤਾਂ ਦੇ ਮਨਾਂ ਵਿਚ ਸੰਕਲਪ ਉਤਪੰਨ ਹੋਇਆ ਕਿ ਸਮੁੰਦਰ ਮਥਿਆ ਜਾਇ ਤੇ *'ਰਤਨ' ਕੱਢੇ ਜਾਵਨ-ਬਾਅਦ ਵਿਚ ਵੰਡ ਲਵਾਂਗੇ।

ਸੋ ਮਧਾਣਾ ਮੰਦ੍ਰਾਚਲ ਪਹਾੜ (ਪੁਰਾਣਾ ਅਨੁਸਾਰ ਇਕ ਪਹਾੜ) ਜਿਸ ਨਾਲ ਦੇਵ ਤੇ ਦੈਂਤਾਂ ਨੇ ਖੀਰ ਸਮੁੰਦ੍ਰ ਰਿੜਕਿਆ ਸੀ।

ਮਹਾਭਾਰਤ ਵਿਚ ਅੰਕਤ ਹੈ ਕਿ ਇਹ ਪਹਾੜ ਗਿਆਰਾ ਹਜ਼ਾਰ ਯੋਜਨ (੧੧੦੦) ਹੇਠਾਂ ਸਮੁੰਦ੍ਰ ਵਿਚ ਗੱਡਿਆ ਹੋਇਆ ਸੀ। ਜਿਸ ਨੂੰ ਵਿਸ਼ਨੂੰ ਨੇ ਵਾਸਿਕਨਾਗ ਨੂੰ ਆਗਿਆ ਕੀਤੀ, ਤਾਂ ਬਾਸਿਕ ਨਾਗ ਨੇ ਪੁੱਟ ਕੇ ਸਮੁੰਦਰ ਦੇ ਕਿਨਾਰੇ ਲੈ ਆਂਦਾ।

ਇਸ ਦਾ ਖੀਰ ਸਮੁੰਦ੍ਰ ਮਥਣ ਲਈ ਮਧਾਣਾ ਬਨਾਇਆ, ਪਰ ਇਹ ਮਧਾਣੀ ਇਤਨੀ ਭਾਰੀ ਸੀ, ਜੋ ਥੱਲੇ ਧਸਨੀ ਸ਼ੁਰੂ ਹੋ ਗਈ ਤਾਂ ਵਿਸ਼ਨੂੰ ਨੇ ਕਛੂ ਰੂਪ ਧਾਰ ਕੇ 'ਮੰਦਰਾਚਲ' (ਪਹਾੜ) ਦੇ ਹੇਠਾਂ ਪਿੱਠ ਦੇ ਕੇ ਰੋਕਿਆ, ਜਿਸ ਤੋਂ ਰਿੜਕਨ ਦਾ ਕੰਮ ਅਰੰਭ ਹੋਇਆ

ਵਯਾਸ ਨੇ ਲਿਖਿਆ ਕਿ ਕਛੂ ਦੀ ਪਿੱਠ "ਲੱਖ ਯੋਜਨ" ਭਾਵ (ਚਾਰ ਲੱਖ ਕੋਹ) ਦੀ ਸੀ।

ਨੇਤ੍ਰਾ : ਸ਼ੇਸ਼ਨਾਗ ਦਾ ਨੇਤ੍ਰਾ ਬਨਾਇਆ, (ਜਿਸ ਪਰ ਵਿਸ਼ਨੂੰ ਦਾ ਆਸਨ ਹੈ) ਇਸ ਨੂੰ ਪਤਾਲ ਦਾ ਰਾਜਾ ਕਿਹਾ ਜਾਂਦਾ ਹੈ।

---

* ਚੌਦਾ ਰਤਨ : ਸਮੁੰਦਰ ਮਥਣ (ਰਿੜਕਣ) ਤੇ ਇਹ ਚੌਦਾ ਰਤਨ ਨਿਕਲੇ :

| | | | |
|---|---|---|---|
| ੧. ਉਚੈ: ਸਵਾ ਘੋੜਾ | ੨. ਕਾਮਧੇਨ ਗਊ | ੩. ਕਲਪ ਬਰਿਛ | ੪. ਰੰਭਾ (ਅਪਸਰਾ) |
| ੫. ਲਛਮੀ | ੬. ਅੰਮ੍ਰਿਤ | ੭. ਕਾਲਕੂਟ (ਜ਼ਹਿਰ) | ੮. ਪਾਂਚਜਨਘ (ਸੰਖ) |
| ੯. ਕੌਤ੍ਰਭਮਣਿ | ੧੦. ਸਾਰੰਗ ਧਨੁਖ | ੧੧. ਐਰਾਵਤ ਹਾਥੀ | ੧੨. ਚੰਦ੍ਰਮਾ |
| ੧੩. ਧਨੁੰਤਰਿ ਵੈਦ | ੧੪. ਸ਼ਰਾਬ (ਸੁਰਾ) | | |

ਇਹਨਾਂ ਦੀ ਵੰਡ ਤੋਂ ਦੇਵਤਿਆਂ ਤੇ ਦੈਂਤਾਂ ਦਾ ਵੈਰ (ਝਗੜਾ) ਅਰੰਭ ਹੋ ਗਿਆ।



ਪੁਰਾਣਾ ਵਿਚ ਕਥਾ ਹੈ ਕਿ ਇਸ ਦੇ ੧੦੦੦ ਸਿਰ (ਮੂੰਹ ਹਨ) ਜੋ ਵਿਸ਼ਨੂੰ ਭਗਵਾਨ ਤੇ ਛਾਇਆ ਕਰਦੇ ਹਨ, ਕਈਆਂ ਕਿਹਾ ਸਤਪਤਾਲ ਇਸ ਦੇ ਸਿਰ ਤੇ ਹਨ, ਹਜ਼ਾਰ ਮੂੰਹ ਰਾਹੀਂ ਹਰ ਰੋਜ਼ ਪ੍ਰਭੂ ਦਾ ਨਵਾਂ ਨਾਮ ਉਚਾਰਦਾ ਹੈ।

ਵਿਸ਼ਨੂੰ ਪੁਰਾਣ ਵਿਚ ਲਿਖਿਆ ਹੈ ਕਿ ਜਦ ਕਦੀ ਇਹ ਉਬਾਸੀ ਲੈਂਦਾ ਹੈ ਤਾਂ ਭੁਚਾਲ ਆ ਜਾਂਦਾ ਹੈ (ਹੋਰ ਇਕ ਕਲਪ ੪੩੨੦੦੦੦੦੦੦ ਵਰ੍ਹਿਆਂ ਦੇ ਅੰਤ ਵਿਚ ਇਹ ਮੂੰਹ ਵਿਚੋਂ ਅਗਨਿ ਕੱਢਦਾ ਹੈ, ਜਿਸ ਨਾਲ ਸਾਰੇ ਲੋਕ, ਭਸਮ ਹੋ ਜਾਂਦੇ ਹਨ।)

## ਦੇਵਤਿਆਂ ਦੀ ਕੁਟਲ ਨੀਤੀ

ਦੇਵਤਿਆਂ ਦੀ ਕੁਟਲ ਨੀਤੀ ਨਾਲ ਸ਼ੇਸ਼ਨਾਗ ਦਾ ਮੂੰਹ ਦੈਂਤਾਂ ਨੂੰ ਪਕੜਾ ਦਿੱਤਾ, ਪਰ ਦੈਂਤਾਂ ਨੇ ਮੂੰਹ ਘੁਟ ਲਿਆ- ਨਾ ਫੂਕ ਮਾਰੇ-ਨਾ ਭਸਮ ਕਰੇ। ਪੂੱਛ ਦੇਵਤਿਆਂ ਨੇ ਪਕੜ ਕੇ *'ਖੀਰ ਸਮੁੰਦ੍ਰ' ਰਿੜਕਿਆ, ਪਰ ਦੇਵਤਿਆਂ ਚੰਗੀਆਂ-ਚੰਗੀਆਂ ਵਸਤੂਆਂ ਆਪੇ ਲੈ ਲਈਆਂ, ਦੈਂਤ ਹਿੱਸਾ ਲੈਣ ਆਏ ਤਾਂ ਸ਼ਰਾਬ ਦੀ ਮਹਿਮਾਨੀ ਵਿਚ ਚੰਗੇ ਗੁਟ ਕਰਕੇ, ਫਿਰ ਅਪਸਰਾ ਦਾ ਨਾਚ ਕਰਾਨ ਤੇ ਸ਼ਰਾਬੀ ਦੈਤ ਆਪਸ ਵਿਚ ਉਲਝ ਕੇ ਫੱਟੜ ਹੋ ਗਏ।

ਇੱਥੋਂ ਹੀ ਦੈਂਤਾਂ ਦਾ ਵੈਰ ਦੇਵਤਿਆਂ ਨਾਲ ਹੋਣਾ ਸ਼ੁਰੂ ਹੋ ਗਿਆ ਸੋ ਮਹਿਖਾਸੁਰ ਦੈਂਤ ਨੇ ਇਹ ਰੜਕ ਕੱਢਣ ਲਈ ਹੀ ਦੇਵਤਿਆਂ ਦੀਆਂ ਪੁਰੀਆਂ ਭੀਮਲ ਲਈਆਂ। ਦੇਵਤਿਆਂ ਨੇ ਕੈਲਾਸ਼ ਪਰਬਤ ਤੇ ਹਵਨ ਕਰਨ ਤੇ ਜੋ ਅਕਾਲ ਸ਼ਕਤ 'ਕ੍ਰਿਪਾਨ' ਪ੍ਰਗਟ ਹੋਈ ਅਤੇ ਅਕਾਲ ਪੁਰਖ ਦੀ ਨਭ ਬਾਣੀ, ਅਨੁਸਾਰ ਬ੍ਰਹਮਾ ਨੇ 'ਬ੍ਰਹਮ ਕਵਚ' ਉਚਾਰ ਕੇ ਮਹਾਨ ਸ਼ਕਤ 'ਕ੍ਰਿਪਾਨ' ਹੱਥ ਵਿਚ ਪਕੜੀ। ਉਹ ਉਸਤਤ ਕੀਤੀ 'ਬ੍ਰਹਮ ਕਵਚ' ਪੜ੍ਹੋ॥

ਬ੍ਰਹਮਾ ਦੇ ਉਚਾਰਨ ਕੀਤੇ (ਸੰਸਕ੍ਰਿਤ) ਵਿਚ ਦਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ "ਕ੍ਰਿਪਾਨ ਇਸ਼ਟ" ਦੀ ਸ਼ਕਤ ਪ੍ਰਾਪਤ ਕਰਨ ਲਈ ਅਤੇ ਪੂਜਣ ਲਈ ਇਉਂ ੩੨ ਅਖਰਾਂ ਵਾਲਾ "ਬ੍ਰਹਮ ਕਵਚ" ਅਨੁਵਾਦ ਕੀਤਾ ਹੈ :

| | | |
|---|---|---|
| ੧. ਖੜਗ | ੨. ਖੰਡਾ | ੩. ਅਸੀ |
| ੪. ਅਰਿਗਰ | ੫. ਧਰਮ ਰੱਛ | ੬. ਤਗ-ਛੱਤ੍ਰੀ |
| ੭. ਬਿਸਣ ਪਾਲ | ੮. ਭੁਪਾਲ ਪੱਛ | ੯. ਪਲਮ ਭੱਛ |
| ੧੦. ਰਣ ਕੱਛ | ੧੧. ਅੜੀ | ੧੨. ਰਾਜ ਮੰਡਾ |
| ੧੩. ਅਤਿ ਪ੍ਰਚੰਡਾ | ੧੪. ਈਸ਼੍ਵਰੀ | ੧੫. ਕਰਵਾਰ ਹੈ |
| ੧੬. ਸ਼ਕਤਿ | ੧੭. ਬ੍ਰਹਮੀ | ੧੮. ਬਿਸਨਵੀ |

---

* ਖੀਰ ਸਮੁੰਦ੍ਰ : ਜਿਸ ਖੀਰ (ਖਾਰੇ) ਸਮੁੰਦ੍ਰ ਵਿਚਾਲੇ ਅਸੀਂ ਵਸਦੇ ਹਾਂ ਪਰ ਗੁਰਬਾਣੀ ਦੇ ਫੁਰਮਾਣ ਮੁਤਾਬਕ - ਸੱਤ ਦੀਪ ਤੇ ਸਤ ਸਮੁੰਦਰ ਹਨ।
ਸਾਪਤ ਦੀਪ-ਸਪਤ ਸਾਗਰਾ,
ਨਵ ਖੰਡ ਚਾਰਿ ਵੇਦ-ਦਸ ਅਸਟ ਪੁਰਾਣਾ॥
(ਵਾਰ ਸਿਰੀ ਰਾਗ ਪਉੜੀ ੪, ਪੰਨਾ ੪)
ਸੱਤ ਸਮੁੰਦਰ ਹਨ :

| | | |
|---|---|---|
| ੧. ਦੁੱਧ ਦਾ ੨. ਦਹੀਂ ਦਾ | ੩. ਘੀ ਦਾ | ੪. ਇਖ ਦੇ ਰਸ ਦਾ (ਗੰਨੇ ਦੇ ਰਸ ਦਾ) |
| ੫. ਸ਼ਹਿਦ ਦਾ | ੬. ਮਿੱਠੇ ਪਾਣੀ ਦਾ | ੭. ਖਾਰੇ ਪਾਣੀ ਦਾ |

| | | |
|---|---|---|
| ੧੯. ਭਵਾਨੀ | ੨੦. ਤੂੰ 'ਤਲਵਾਰ' ਹੈਂ | ੨੧. ਨਿਤ ਜਯੋਤੀ |
| ੨੨. ਮੁਕਤਿ ਦਾਇਕ | ੨੩. ਧਾਰਾਧਾਰ | ੨੪. ਕ੍ਰਿਪਾਨ ਹੈਂ |
| ੨੫. ਚੰਡਕਾ | ੨੬. ਮਿਰਤ | ੨੭. ਜਗਤ ਜਨਨੀ |
| ੨੮. ਕਾਲਕਾ | ੨੯. ਗੁਨਖਾਨਿ ਹੈ | ੩੦. ਭਵ ਮਾਨਕਾ |
| ੩੧. ਖਲ ਗਨਕਾ | ੩੨. ਰਤਪਾਨਕਾ ਜਗਮਾਨ ਹੈ | |

ਇਹ ਕਵਚ-ਬ੍ਰਹਮਾ ਕੋ ਬਤੀਸਾ
ਪੱਢੇ ਜੋ ਨਿਤ ਛੱਤ੍ਰੀ ॥......(ਛੱਤ੍ਰੀ)
ਰਣਜੀਤ ਲਹਿ, ਨਿਰਭੀਤ ਰਹਿ,
ਰਿਧਿ-ਸਿਧਿ ਪਾਵੈ ਅੱਤ੍ਰੀ ॥
ਲਹਿ ਬੇਦ-ਭੇਦ, ਜੁ ਪਢੈ "ਬਿਪ੍ਰ" ॥......(ਪੰਡਤ)
"ਬੈਸਯ" ਧਨ ਸੁਖ ਸੰਪਤਾ ॥ (ਵੈਸ਼)
ਧਨ-ਧਾਮ ਤਨ ਅਰੋਗ "ਸ਼ੂਦਰ" (ਸੂਦ੍ਰ)
ਪਾਇ ਸੁਖ ਅਕੰਪਤਾ ॥ (ਪਾ: ੧੦)

ਦੋਹਰਾ ॥ *ਯਾ ਬਿਧਿ ਨਾਮ ਉਚਾਰ, ਬਿਧਿ ਪੁਨਾ ਕਰਯੋ ਪਰਯੋਗ ॥
ਪਾਠ ਸਵਾ ਲੱਖ ਹਵਨ ਕਰ, ਜੀਤ ਜੰਗ ਤਬ ਹੋਗ ॥

(ਪੰਥ ਪ੍ਰਕਾਸ਼ ਪੰ: ੨੩੫)

ਜਦ ਬ੍ਰਹਮਾ ਨੇ "ਕ੍ਰਿਪਾਨ" ਦੀ ਉਸਤਤ "ਬ੍ਰਹਮ ਕਵਚ" ਰਾਹੀਂ ਉਚਾਰਨ ਕੀਤੀ ਤਾਂ ਖੜਗ (ਕ੍ਰਿਪਾਨ) ਨੂੰ ਹੱਥ ਵਿਚ ਪਕੜ ਬ੍ਰਹਮਾ ਨੇ ਵਿਸ਼ਨੂੰ ਨੂੰ ਸੌਂਪੀ ਅਤੇ ਸ਼ਿਵਜੀ ਨੇ ਇਸ ਕ੍ਰਿਪਾਨ ਨਾਲ [1]ਤ੍ਰਿਪੁਰੇ ਨੂੰ ਮਾਰਨ ਕੀਤਾ।

---

* ਬਿਧਿ : ਇਸ ਦਾ ਪਾਠ ਸਵਾ ਮਹੀਨਾ, ੪੧ ਦਿਨ ਵਿਚ ਕਰਨਾ, ੪੧ ਦਿਨ ਦੀ ਵੰਡ ਕਰਕੇ ਰੋਜ਼ ਉਤਨਾ ਕਰਨਾ ਹੈ, ਜੋ ੪੧ ਦਿਨਾਂ ਵਿਚ ਪੂਰਾ ਹੋ ਜਾਵੈ। ੨. ਇਕ ਥਾਵੇਂ ਸੁਛ ਆਸਨ ਰਖਣਾ ਭਾਵ ਉਨ ਦਾ ਆਸਨ, ਉਸ ਨੂੰ ੪੧ ਦਿਨ ਚੁਕਨ ਨਹੀਂ ? ੩. ਰੋਜ਼ਾਨਾ ਕੇਸ਼ੀ ਇਸ਼ਨਾਨ ਕਰ ਸੁਛ ਬੱਸਤ੍ਰ (ਟੱਟੀ-ਪਿਸ਼ਾਬ ਵਾਲੇ ਨਾ ਹੋਵਨ) ਵੱਖਰੇ ਪਾਠ ਕਰਨ ਵਾਲੇ ਹੋਵਨ। ੪. ਸਿਰ ਢੱਕ ਕੇ ਤੇੜ ਕਛਹਿਰਾ-ਪਜਾਮਾ ਨਹੀਂ ਪਾਣਾ। ੫. ਬਿਜਤੀ ਸੁਛ-ਖਾਣ ਪਾਣ ਸੂਖਮ-ਗ੍ਰਹਿਤ ਤੋਂ ਸੰਕੋਚ-ਬੋਲ ਚਾਲ ਘੱਟ। ੬. ਪਾਠ ਕਰਨ ਦਾ ਜੋ ਪਹਿਲੇ ਦਿਨ ਸਮਾਂ ਨਿਸ਼ਚਿਤ ਕੀਤਾ ਹੈ, ਹਰ ਰੋਜ਼ ਉਸੇ ਸਮੇਂ ਪਾਠ ਸ਼ੁਰੂ ਕਰਨਾ-ਸਮਾਪਤੀ ਦਾ ਸਮਾਂ ਵੱਧ ਘੱਟ ਹੋ ਸਕਦਾ ਹੈ। ੭. ਪਾਠ ਸ਼ੁਰੂ ਕਰਨ ਤੋਂ ਪਹਿਲਾਂ- ਧੂਪ ਸਮਗਰੀ (ਅਗਰਬੱਤੀ ਨਹੀਂ) (ਧੂਪ ਸਮਗਰੀ-ਅਗੇ ਪੜ੍ਹਨੀ) ਦੇਸੀ ਘੀ ਦੀ ਜੋਤਿ, ਜਗਾ ਲੈਣੀ- ਜਲ ਕੁੰਭ (ਘੜਾ ਕੋਰਾ) ਜਲ ਦਾ ਇਸ ਦਾ ਜਲ ਰੋਜ਼ ਬਦਲਣ ਦੀ ਲੋੜ ਨਹੀਂ ? ਉਪਰਲ ਨਾਰੀਏਲ, ਹੇਠਾਂ ਰੇਤੇ ਤੇ ਜੌਂ। ੮. ਇਹ ਸਭ ਚੀਜ਼ਾਂ ਤਿਆਰ ਕਰਨ ਤੇ- ਪਾਠ ਅਰੰਭ ਕਰਨ ਦੀ ਅਰਦਾਸ ਕਰਨੀ ਅਤੇ ਸਮਾਪਤੀ ਤੇ ਭੀ ਅਰਦਾਸ ਕਰਨੀ-ਨਾਲ ਹੀ ਜੋਤ ਸਮਾਪਤੀ ਦੀ ਅਰਦਾਸ ਉਪਰੰਤ ਜੋਤ ਸਮਾਪਤ ਕਰ ਦੇਣੀ, ਹਰ ਰੋਜ਼ ਇਸੇ ਤਰ੍ਹਾਂ ਕਰਨਾ। ੯. ਸੱਤ ਪ੍ਰਕਾਰ ਦੇ ਸੁਕੇ ਮੇਵੇ, ਜੈਸੇ, ਅਖਰੋਟ-ਗਰੀ, ਸੌਗੀ-ਨਿਉਜ਼ੇ-ਪਿਸਤਾ ਕਾਜੂ-ਬਦਾਮ ਗਿਰੀ- ਵੱਧ ਭੀ ਰਖੇ ਜਾ ਸਕਦੇ ਹਨ। ੧੦. ਸੁਚ, ਸੰਜਮ, ਜੱਤ-ਸਤ, ਰੱਖਣਾ, ਬਹੁਤ ਨਹੀਂ ਬੋਲਣਾ, ਸੂਖਮ ਭੋਜਨ, ਦ੍ਰਿਸ਼ਟ 'ਮਨ-ਬਚ-ਕਰਮ" ਸੁਛ ਰਖਣੇ। ੧੧. ਵੱਡੀ ਕ੍ਰਿਪਾਨ ਆਸਨ ਤੇ ਉਚੀ ਪੀੜੇ ਆਦਿ ਤੇ ਟਿੱਕੀ ਰਵੇ। ਆਪਣੇ ਅਗੇ। ੧੨. ਹਵਨ ਸਮਗਰੀ= ੧. ਇਕ ਮਿੱਟੀ ਦਾ ਬੱਠਲ ੨. ਬੇਰੀ ਦੀ (ਅਗਲੇ ਪੰਨੇ 'ਤੇ)



ਸ਼ਿਵ-ਤ੍ਰਿਪੁਰੇ ਕੋ ਮਾਰ ਕੇ, ਦਈ [2]ਮਹੀਚਹਿ ਮਾਰ ॥
ਇਸ ਤਰ੍ਹਾਂ ਇਹ 'ਕ੍ਰਿਪਾਨ', ਸ਼ਿਵਜੀ ਤੋਂ ਇੰਦ੍ਰ ਨੇ ਰਕਤਾਸੁਰ ਦਲ ਮਾਰਨ ਕੀਤਾ।

ਤਿਸ ਤੇ ਇੰਦ ਲੈ- ਹਤਯੋ ਰਥਿ-ਰਕਤਾਸੁਰ ਦਲ ਸਾਥ ॥੯ ॥
ਫੇਰ "ਦਿਗ" ਜੋ ਢਿਗ ਰਹੀ, ਤਿਨੈ "ਮੰਨੂ" ਕੋ ਦੀਨ ॥
'ਮਨ' ਤੇ ਕ੍ਰਿਪਾਦ੍ਰੈਣ ਲੈ, ਕਰੇ ਅਸਰਗਨ ਛੀਲ ॥੧੦ ॥
ਤਾਹੀ ਸੋ-ਦੇਵੀ ਹਤੇ-ਸੁੰਭ ਨਿਸੁੰਭੇ ਆਦਿ ॥

ਉਸੇ 'ਅਕਾਲ ਸ਼ਕਤ' ਕ੍ਰਿਪਾਨ ਨਾਲ ਦੇਵੀ ਨੇ ਸੁੰਭ ਤੇ ਨਿਸੁੰਭ ਦੈਂਤਾਂ ਨੂੰ ਮਾਰਨ ਕੀਤਾ।

ਸਤਿਗੁਰੂ ਜੀ : ਗੁਰ ਸਿਖੋ। ਅਸਾਂ ਇਸੇ ਕਰਕੇ ਹੀ ਇਸ ਨੂੰ "ਪੀਰ" ਕਿਹਾ ਸੀ। ਜੋ ਖਾਲਸੇ ਦਾ "ਤੀਸਰਾ ਇਸ਼ਟ" ਕ੍ਰਿਪਾਨ ਪ੍ਰਭੂ ਸ਼ਕਤੀ ਪੂਜਕ ਦਾ ਸਨਮਾਨ-ਸਤਿਕਾਰ ਕਰਨ ਨਾਲ ਖਾਲਸਾ ਇਸ ਦਾ ਸਦਾ ਧਾਰਨੀ ਕੀਤਾ ਹੈ, ਜਿੱਥੇ ਸਰੀਰਕ ਰਖਯਾ ਲਈ ਜ਼ਰੂਰੀ ਹੈ, ਉਥੇ ਖਾਲਸਾ "ਰਾਜ-ਜੋਗੀ" ਹੋਣ ਕਰਕੇ 'ਛੱਤ੍ਰੀ' ਦੀ ਭੂਮਿਕਾ ਨਿਭਾਹੁਣ ਲਈ ਦੇਸ਼-ਕੌਮ ਧਰਮ ਦਾ ਭੀ ਰਖਵਾਲਾ ਹੈ ਅਤੇ ਮਜ਼ਲੂਮਾਂ-ਅਨਾਥਾਂ-ਬੇਸਹਾਰਾ ਜੀਵਾਂ ਦਾ ਭੀ ਸਹਾਇਕ ਹੈ, ਜੋ ਜ਼ੁਲਮ ਨੂੰ ਠੱਲ੍ਹ ਪਾਣ ਲਈ 'ਕ੍ਰਿਪਾਨ' ਦੀ ਵਰਤੋਂ ਕਰਨੀ 'ਹਲਾਲ' ਦਰੁਸਤ ਹੈ, ਗੁਨਾਹ ਨਹੀਂ ਹੈ ?

ਤਾਂ ਹੀ ਔਰੰਗਜ਼ੇਬ ਨੂੰ ਅਸਾਂ ਜ਼ਫ਼ਰਨਾਮਹ ਵਿਚ ਲਿਖਿਆ ਸੀ - ਸਾਰੇ ਜ਼ੁਲਮ ਨੂੰ ਠੱਲ੍ਹ ਪਾਣ ਦੇ ਜਦੋਂ ਸਾਰੇ ਹੀਲੇ ਖ਼ਤਮ ਹੋ ਜਾਣ ਅਤੇ ਨਿਹਥਿਆਂ ਤੇ ਹੋ ਰਹੇ ਜ਼ੁਲਮ ਨੂੰ ਰੋਕਣ ਲਈ ਤਲਵਾਰ ਪਕੜ ਕੇ ਜ਼ੁਲਮ ਦਾ ਨਾਸ਼ ਕਰਨਾ ਹਲਾਲ (ਜਾਇਜ਼) ਹੈ।

---

ਲਕੜ ਜਾਂ ਇਸ ਦੇ ਕੋਲੇ ਬਨਾ ਰਖੇ, ਹਰ ਰੋਜ਼ਾ ਭੱਖਾ ਰਖੋ, ਉਸ ਪਰ ਧੂਪ ਸਮਗਰੀ ਪਾਠ ਕਰਨ ਤੱਕ ਪਾਂਦੇ ਰਵੋ।

ਧੂਮ ਸਮਗਰੀ : ਚੰਦਨ ਸਫ਼ੇਦ ਤੇ ਲਾਲ, ਛੜ-ਮੁਥਰਾ-ਭੋਜ ਪੱਤਕ ਲੌਂਗ, ਮੇਵਾ-ਗਰੀ-ਛੁਹਾਰੇ-ਬਦਾਮ-ਮੁਸ਼ਕਾਫੂਰ-ਸੁਪਾਰੀ-ਸੰਧੂਰ-ਲਾਚੀ ਸਬਜ਼ ਗੁਗਲ-ਇੰਦ੍ਰ ਜੌਂ-ਤਿਲ-ਘਿਉ-ਖੰਡ-ਦੇਸੀ ਜੌਂ (ਕੇਸਰ-ਕਸਤੂਰੀ)* ਸਾਰੀ ਚੀਜ਼ ਦਾ ਕੂਟ ਛਾਣ ਕੇ ਮਿਲਾ ਲਵੋ, ਖੰਡ ਤੇ ਘਿਉ ਲੋੜ ਅਨੁਸਾਰ, ਘੀ ਦੇਸੀ ਨਾਲ ਸਮਗਰੀ ਤਰ ਹੋ ਜਾਵੈ ਖਸ਼ਕ ਨਾ ਰਵੈ। ਖੰਡ ਘੀ ਮਿਲਾਣ ਬਾਹਦ ਮੁਸ਼ਕਾਫੂਰ ਮਿਲਾਵੋ। ਕਿਸੇ ਢਕਣ ਵਾਲੇ ਬੰਦ ਡੱਬੇ ਵਿਚ ਪਾ ਰਖੋ। ਲੋੜ ਅਨੁਸਾਰ ਰੋਜ਼ ਕੱਢ ਕੇ ਵਰਤੋਂ।

* ਕੇਸਰ-ਕਸਤੂਰੀ (ਜੇ ਤੌਫ਼ੀਕ ਹੈ) ਤਾਂ ਪਾ ਲਵੋ ਕਿਉਂਕਿ ਬਹੁਤ ਮਹਿੰਗੇ ਹਨ।

[1]ਤ੍ਰਿਪੁਰਾ = ਸੰਗਯਾ= ਤਿੰਨ ਨਗਰ (ਤਿੰਨ ਸ਼ਹਿਰ)

ਮਹਾਭਾਰਤ ਅਨੁਸਾਰ, ਤਾਰਿਕ ਦੈਂਤ ਦੇ ਤਿੰਨ ਪੁੱਤਰਾਂ ੧. ਤਾਠਕਾਕਸ਼ ੨. ਕਮਲਾਕਸ਼ ੩. ਵਿਦਯੁਨਮਾਲੀ ਲਈ ਮਯਦਾਨਵ ਦੀਆਂ ਤਿੰਨ ਪੁਰੀਆਂ ਬਣਾਈਆਂ। ਇਨ੍ਹਾਂ ਵਿਚੋਂ (੧) ਸੁਵਰਨ (ਸਿਉਣੇ ਦੀ) ਸੁਵਰਗ ਵਿਚ (੨) ਦੂਜੀ ਚਾਂਦੀ ਦੀ- ਆਕਾਸ਼ ਵਿਚ (੩) ਤੀਜੀ ਲੋਹੇ ਦੀ ਪ੍ਰਿਥਵੀ ਉਪਰ ਸੀ।

ਇਹਨਾਂ ਪੁਰੀਆਂ ਦਾ ਵਿਸਥਾਰ ਸੌ-ਸੌ ਯੋਜਨ (ਭਾਵ ੪੦੦-੪੦੦ ਸੌ ਕੋਹ ਸੀ) ਜਦ ਇਹਨਾਂ ਪੁਰੀਆਂ ਦੇ ਦਾਨਵਾਂ (ਦੈਂਤਾਂ) ਨੇ ਦੇਵਤੇ ਬਹੁਤ ਦੁਖਾਏ, ਤਦ ਸ਼ਿਵਜੀ ਨੇ ਇਸੇ (ਤਲਵਾਰ) ਨਾਲ ਤਿੰਨੇ ਪੁਰੀਆਂ ਨਸ਼ਟ ਕਰ ਦਿੱਤੀਆਂ। ਤਦੋਂ ਤੋਂ ਸ਼ਿਵਜੀ ਦਾ ਨਾਮ "ਤ੍ਰਿਪੁਰ" ਪੈ ਗਿਆ। (ਮਹਾਨ ਕੋਸ਼ ਪੰ: ੪੫੫)

[2]ਮਰੀਚ : ਤਾਰਕਾ ਰਾਖਸ਼ਨੀ ਦਾ ਪੁਤ੍ਰ, ਜੋ ਰਾਵਨ ਦਾ ਫੌਜੀ ਸਰਦਾਰ ਸੀ। ਇਹ ਸੀਤਾ ਦੇ ਚੁਰਾਉਣ ਸਮੇਂ ਸੋਨੇ ਦਾ ਮ੍ਰਿਗ (ਹਰਨ) ਬਣਿਆ ਸੀ।

ਚੂ ਕਾਰ ਅਜ-ਹਮਾ ਹੀਲਤੇ ਦਰ ਗੁਜ਼ਸਤ ॥
ਹਲਾਲ ਅਸਤ-ਬੁਰਦਨ- 'ਬ ਸ਼ਮਸ਼ੇਰ' ਦਸਤ ॥੨੨॥ (ਤਲਵਾਰ)

(ਜ਼ਫ਼ਰਨਾਮਹ ਹਕਾਯਤ ਦੂਜੀ ਦਸਮ ਗ੍ਰੰਥ ਪੰਨਾ ੧੩੯੦)

ਜਿਤੈ ਸ਼ਸ਼ਤ੍ਰ ਨਾਮੰ- ਨਮਸਕਾਰ ਤਾਮੰ ॥
ਨਮਸਕਾਰ ਸ੍ਰੀ ਖੜਗ ਕਉ-ਕਰਹੁ ਸੁ ਹਿਤ ਚਿਤ ਲਾਇ ॥
ਪੂਰਨ ਕਰਹੁ ਗ੍ਰੰਥ ਇਹ-ਤੁਮ ਮਮ ਕਰਹੁ ਸਹਾਇ ॥
ਤੁਹੀ ਖੜਗਧਾਰੀ-ਤੁਹੀ ਬਾਢਵਾਰੀ ॥ (ਪਾ: ੧੦- ਦਸਮ ਸ੍ਰੀ ਗੁਰੂ ਗ੍ਰੰਥ ਸਾਹਿਬ)

ਐ ਗੁਰਸਿਖੋ ! ਉਹੋ ਮਹਾਨ ਸ਼ਕਤ ਤਲਵਾਰ (ਕ੍ਰਿਪਾਨ) ਦਾ ਪ੍ਰਕਾਸ਼-ਪੰਡਤਾਂ ਨੇ ਨੈਣਾ ਦੇਵੀ ਤੇ ਹਵਨ ਕਰਨ ਦੇ ਪਾਖੰਡ ਨੂੰ ਦੇਖਿਆ ਤੇ ਹੈਰਾਨ ਹੋ ਗਏ। ਅਤੇ ਅੱਗ ਬਘੋਲਾ ਹੋ ਗਏ।

**ਸਤਿਗੁਰੂ :** ਐ ਪੰਡਤ ਜਨੋ ! ਤੁਸਾਂ ਲੋਕਾਂ ਨੂੰ ਭਰਮ ਭੁਲੇਖ ਪਾ ਕੇ ਔਜੜ ਪਾਈ ਜਾ ਰਹੇ ਹੋ ਅਤੇ ਪੁਰਾਤਨ ਇਤਹਾਸ ਨੂੰ ਛੁਪਾ ਦਿੱਤਾ ਹੈ। ਪ੍ਰਭੂ ਜਦ ਆਪਣੀ ਇਕ ਕਲਾ-ਸ਼ਕਤੀ ਰੂਪਮਾਨ ਹੋਕੇ ਜ਼ੁਲਮ ਦਾ ਨਾਸ਼ ਕਰਨ ਲਈ ਪ੍ਰਗਟਦਾ ਹੈ ਤਾਂ ਦੂਸਰੀ ਸ਼ਕਤੀ ਮੁਕਾਬਤਨ ਨਹੀਂ ਪ੍ਰਗਟ ਕਰਦਾ ਜਦ 'ਨਾਨਕ ਦੇ ਸਰੂਪ ਵਿਚ ਪ੍ਰਗਟ ਦਸਮੇ ਜਾਮੇ ਵਿਚ ਹਨ ਤਾਂ ਹੋਰ ਸ਼ਕਤੀ ਕਿਵੇਂ ਪ੍ਰਗਟ ਕਰਨਗੇ ਇਹ ਭੁਲੇਖਾ ਮਨੋਂ ਕੱਢ ਦਿਓ। ਤੁਸਾਂ ਸੋਚਿਆ ਹੋਵੇਗਾ ਕਿ ਪੰਡਤਾਂ ਦੀ ਫਰਯਾਦ ਤੇ ਝਟ ਪਿਤਾ ਨੂੰ ਬਲੀ ਦਾਨ ਦੇਣ ਲਈ ਭੇਜ ਦਿੱਤਾ ਸੀ ' ਸਾਡੇ ਕਹੇ ਹੁਣ ਆਪ ਬਲੀ ਦੇ ਦੇਣਗੇ, ਅਸਾਂ ਤੁਹਾਡੇ ਪਾਜ ਉਘੇੜਨ ਲਈ ਤੁਹਾਡੇ ਕਹੇ ਸਵਾ ਲਖ ਦੀ ਸਮਗਰੀ ਫੂਕ ਦਿੱਤੀ ਹੈ।

ਇਹ ਹੀ ਕ੍ਰਿਪਾਨ ਬੜੇ-ਬੜੇ ਬਲੀ ਦੈਂਤਾਂ ਨੂੰ ਮਾਰਨ ਲਈ ਹੀ ਅਕਾਲ ਪੁਰਖ ਨੇ ਹਵਨ ਵਿਚੋਂ ਆਪਣੀ ਸ਼ਕਤੀ ਪ੍ਰਗਟ ਕੀਤੀ ਸੀ। ਉਸੇ ਮਹਾਨ ਸ਼ਕਤੀ ਕ੍ਰਿਪਾਨ ਜੋ ਸਾਡੇ ਹੱਥ ਵਿਚ ਹੈ, ਇਸ ਨਾਲ ਜ਼ਾਲਮਾਂ ਦਾ ਨਾਸ਼ ਕਰਕੇ ਧਰਮ ਬਚਾਵਨ ਕੀਤਾ ਜਾਵੇਗਾ ਅਤੇ ਜ਼ੁਲਮ ਦਾ ਨਾਸ਼ ਹੋਵੇਗਾ।

**ਪੰਡਤ ਨੂੰ ਸੰਬੋਧਨ :** ਪੰਡਤ ਹਰਦਿਆਲ ਬੜਾ ਕ੍ਰੋਧਵਾਨ ਹੋਇਆ ਤਾਂ ਸਤਿਗੁਰਾ (ਗੋਬਿੰਦ ਰਾਇ) ਨੇ ਬੜੇ ਮੁਕਰਾਹਟ ਅੰਦਾਜ਼ ਵਿਚ ਪੰਡਤ ਨੂੰ ਸੰਬੋਧਨ ਕੀਤਾ, ਜੋ ਦਸਮ ਗ੍ਰੰਥ ਵਿਚ ਇਸ ਤਰ੍ਹਾਂ ਫੁਰਮਾਨ ਕੀਤਾ, ਐ ਪੰਡਤ ਜੀ, ਮੇਰੀ ਯਾਦ ਵਿਚ ਭੁਲ ਗਿਆ ਕਿ ਤੁਸਾਂ ਇਹ ਇਕ ਅਡੰਬਰ ਰਚਿਆ ਹੋਇਆ ਹੈ -

ੴ
ਸ੍ਵਯਾ ਪਾ: ੧੦ ॥

ਜੋ ਕਿਛੁ ਲੇਖ ਲਿਖਿਓ ਬਿਧਨਾ ਸੋ ਪਾਯਤੁ ਮਿਸਰ ਜੂ ਸੋਕ ਨਿਵਾਰੋ ॥
ਮੇਰੋ ਕਛੂ ਅਪਰਾਧ ਨਹੀਂ ? ਗਯੋ ਯਾਦ ਤੇ ਭੂਲ, ਨਹ ਕੋਪੁ ਚਿਤਾਰੋ ॥
ਬਾਗੋ ਨਿਹਾਲੀ, ਪਚੈ ਦੇਹੋ ਆਜ, ਭਲੇ ਤੁਸ ਕੇ- ਨਿਸਚੈ ਜੀਅ ਧਾਰੋ ॥
ਛਤ੍ਰੀ ਸਭੈ-ਕ੍ਰਿਤ ਬਿਪਨ ਕੇ, ਇਨਹੂ ਪੈ ਕਟਾਛ-ਕ੍ਰਿਪਾ ਕੈ ਨਿਹਾਰੋ ॥੧॥



ਪੰਡਤ ਜੀ, ਭੁਲ ਹੀ ਗਏ ਸਾਂ- ਪਰ ਤੁਸੀਂ ਗੁੱਸਾ ਕਿਉਂ ਕਰ ਰਹੇ ਹੋ, ਕਹੋ। ਜਿਸ ਚੀਜ਼ ਦੀ ਤੁਸਾਂ ਨੂੰ ਲੋੜ ਹੋਵੈ, ਅੱਜ ਹੀ ਪੁਚਾ ਦੇਂਦੇ ਹਾਂ।

ਪਰ ਯਾਦ ਰਖੋ ! ਹੁਣ ਪੰਡਤਾਂ (ਬ੍ਰਾਹਮਣਾਂ) ਦੇ ਕੰਮ ਛਤ੍ਰੀ (ਖਾਲਸਾ) ਹੀ ਕਰ ਲਿਆ ਕਰੂਗਾ, ਇਹਨਾਂ ਤੇ ਕ੍ਰਿਪਾ ਦ੍ਰਿਸ਼ਟੀ ਕਰੋ, ਤਿਖੇ ਕਟਾਛੂ ਨੇਤਰਾਂ ਨਾਲ ਨਾ ਵੇਖੋ-ਮੇਹਰ ਦੀ ਨਿਗਾਹ ਕਰੋ ਹੁਣ।

ਐ ਪੰਡਤ ਜੀ ! ਹੁਣ ਖਾਲਸਾ ਚਹੁੰ ਵਰਨਾਂ ਦੇ ਕਰਮ ਆਪੇ ਕਰ ਲਿਆ ਕਰੂਗਾ। ਸੋ ਹੁਣ ਕ੍ਰਿਪਾ ਦ੍ਰਿਸ਼ਟੀ ਕਰੋ, ਇਹ ਸਭ ਕੁਝ ਇਹਨਾਂ ਦੀ ਕ੍ਰਿਪਾ ਨਾਲ ਹੀ ਹੋਇਆ ਹੈ। ਪੰਡਤ ਜੀ ਸੁਣੋ :

ਸ੍ਵਯਾ ॥ ਜੁਧ ਜਿਤੇ-ਇਨਹੀ ਕੇ ਪ੍ਰਸਾਦਿ, ਇਨ ਹੀ ਕੇ ਪ੍ਰਸਾਦਿ ਸੁ ਦਾਨ ਕਰੇ ॥
ਅਘ-ਓਘ ਟਰੈ-ਇਨਹੀ ਕੇ ਪ੍ਰਸਾਦਿ, ਇਨਹੀ ਕ੍ਰਿਪਾ ਫੁਨ ਧਾਮ ਭਰੇ ॥
ਇਨਹੀ ਕੇ ਪ੍ਰਸਾਦਿ ਸੁ ਬਿਦਿਆ ਲਈ, ਇਨਹੀ ਕੀ ਕ੍ਰਿਪਾ ਸਭ ਸਤ੍ਰ ਮਰੇ ॥
ਇਨਹੀ ਕੀ ਕ੍ਰਿਪਾ ਕੇ ਸਜੇ ਹਮ ਹੈਂ, ਨਹੀਂ ! ਮੋ ਸੋ ਗਰੀਬ ਕਰੋਰ ਪਰੇ ॥੨॥

ਸ੍ਵਯਾ ॥ ੧. ਸੇਵਾ ਕਰੀ ਇਨਹੀ ਭਾਵਤ, ਅਉਰ ਕੀ ਸੇਵ, ਸੁਹਾਤ ਨ ਜੀ ਕੋ ॥
੨. ਦਾਨ ਦਯੋ-ਇਨਹੀ ਕੋ ਭਲੋ, ਅਰੁ ਆਨ ਕੋ, ਦਾਨ ਨ ਲਾਗਤ ਨੀਕੋ ॥
੩. ਆਗੈ ਫਲੈ-ਇਨਹੀ ਕੋ ਦਯੋ, ਜਗ ਮੈ ਜਸ, ਅਉਰ ਦਯੋ ਸਭ ਫੀਕੋ ॥
੪. ਮੋ ਗ੍ਰਹ ਮੈ ਤਨ ਤੇ, ਮਨ ਤੇ, ਸਿਰ ਲਉ, ਧਨ ਹੈ, ਸਭ ਹੀ ਇਨਹੀ ਕੋ ॥੩॥

ਐ ਪੰਡਤ ਜੀਓ ! ਮੇਰਾ ਤਾਂ ਸਭ ਕੁਛ ਹੀ ਖਾਲਸੇ ਦੇ ਪ੍ਰਸਾਦਿ ਕਰਕੇ ਪ੍ਰਾਪਤ ਹੋਇਆ ਹੈ। ਹੁਣ ਪੁਰਾਤਨ ਰੀਤ ਜੋ ਪੰਡਤਾਂ ਰਾਹੀਂ ਦਿੱਤਾ ਦਾਨ ਫਲਦਾ ਸੀ ਉਹ ਰੀਤ ਖ਼ਤਮ ਹੋ ਗਈ ਹੈ, ਹੁਣ ਦਾਨ-ਮਾਨ-ਸਨਮਾਨ ਸਭ ਇਹਨਾਂ ਖਾਲਸਾ ਨੂੰ ਦਿੱਤਾ, ਇਹਨਾਂ ਰਾਹੀਂ ਹੀ ਫਲਦਾ ਹੈ।

ਸੱਚ ਪੁਛੋ ! ਤਾਂ, ਮੇਰਾ ਘਰ-ਤਨ-ਮਨ-ਧਨ ਸਭ ਖਾਲਸੇ ਦਾ ਹੈ, ਇਹਨਾਂ ਦੀ ਕ੍ਰਿਪਾ ਨਾਲ ਹੀ ਮੈਂ ਸਜਿਆ ਹੋਇਆ ਹਾਂ, ਨਹੀਂ ਮੇਰੇ ਜੇਹੇ ਗਰੀਬ ਕਰੋੜ ਫਿਰਦੇ ਹਨ।

ਜਦ ਪੰਡਤ ਖਾਲਸੇ ਪ੍ਰਤੀ ਸਤਿਗੁਰਾਂ ਦੇ ਬਚਨ ਸੁਣੇ ਤਾਂ ਉਹ ਇਤਨਾ ਕ੍ਰੋਧਵਾਣ ਹੋ ਗਿਆ, ਜਿਵੇਂ ਕੱਖਾਂ ਦੀ ਅੱਗ ਭੜਕ ਪੈਂਦੀ ਹੈ।

ਦੋਹਰਾ ॥ ਚਟ ਪਟਾਏ ਚਿਤ ਮੈ ਜਰਯੋ, ਤ੍ਰਿਣ ਜਯੋਂ ਕ੍ਰੁਧੱਤ ਹੋਇ ॥
ਖੋਜ-ਰੋਜ ਕੇ ਹੇਤ ਲਗ, ਦਯੋ ਮਿਸ੍ਰ ਜੂ ਰੋਇ ॥੪॥

(ਦਸਮ ਗ੍ਰੰਥ ਪਾ: ੧੦- ਪੰਨਾ ੭੧੯)

### ਕ੍ਰਿਪਾਨ - ਖੜਗ ਦੇ ਪ੍ਰਸੰਗ ਨੂੰ ਅਗੇ ਤੋਰੀਏ :

ਇਸ ਦੀ ਸ਼ਕਤ (ਅਕਾਲ ਪੁਰਖ) ਨਾਲ ਹੀ ਮੁਰ ਦੈਂਤ ਮਾਰਿਆ ਅਤੇ ਚੰਡੀ-ਦੁਰਗਾ-ਭਵਾਨੀ ਨੇ ਇਸੇ ਕ੍ਰਿਪਾਨ ਨਾਲ ਸੁੰਭ ਤੇ ਨਿਸੁੰਭ ਤੇ ਬੇਅੰਤ ਫੌਜ ਤੇ ਬੜੇ-ਬੜੇ ਸੂਰਮਿਆਂ ਦਾ ਸੰਘਾਰ ਕੀਤਾ। ਉਤੋਂ ਮਹਾਨ ਸ਼ਕਤਿ ਕ੍ਰਿਪਾਨ ਸ੍ਰੀ ਦਸ਼ਮੇਸ਼ ਜੀ ਦੇ ਹਸਤ ਕਮਲਾਂ ਵਿਚ ਸ਼ਸ਼ੋਭਤ ਹੋਈ, ਜਿਸ ਦਾ ਜ਼ਿਕਰ ਆਪ ਪੜ੍ਹ ਚੁੱਕੇ ਹੋ, ਪੰਥ ਪ੍ਰਕਾਸ਼ ਦੇ ਪੰਨਾ ੨੩੯ ਤੇ ਇਉਂ ਅੰਦਰਾਜ ਹੈ :-

१. ਸੋ ਕ੍ਰਿਪਾਨ-ਗੁਰ ਕਰ-ਆਈ, ਹਵਨ ਕਰਨ ਪਰਸਾਦ ॥੧੧॥ (ਕਰ-ਹਥ)
२. ਜਿਤਕ ਭੂਪ-ਅਵਤਾਰ-ਮੁਨਿ, ਹੋਇ ਜਗਤ ਅਵਤਾਰ ॥
३. ਖੰਡਾ ਸਭ ਪੂਜਤ ਰਹੇ, ਜਾਨ ਰੂਪ ਕਰਤਾਰ ॥੧੨॥
४. ਰੂਪ-ਅਨੂਪ ਅਕਾਲਕੋ, ਲਖ ਸਤਿਗੁਰ ਕਿਰਪਾਨ ॥
५. ਮਾਨਨ-ਪੂਜਨ, ਜੋਗ ਲਖ, ਕੀਨੋ "ਪੀਰ" ਬਖਾਨ ॥

ਸਤਿਗੁਰਾਂ 'ਕ੍ਰਿਪਾਨ' ਨੂੰ ਅਕਾਲ ਸ਼ਕਤ ਜਾਣ ਕੇ ਹੀ ਇਸ ਨੂੰ, ਮਾਨਨ ਸਤਿਕਾਰ ਕਰਨ ਅਤੇ ਪੂਜਨ ਯੋਗ ਜਾਣ ਕੇ ਹੀ ਪੀਰ ਕਿਹਾ ਹੈ। ਇਸ ਲਈ ਖਾਲਸੇ ਪੂਜਨ ਯੋਗ-ਤੀਸਰਾ "ਇਸ਼ਟ" ਹੈ।

१. ਸੁਖਦ ਵਸਤ, ਸ਼ੁਭ "ਇਸ਼ਟ" ਹੈ, ਦੁਖਦ ਅਨਿਸ਼ਟ ਪਛਾਨ ॥
ਸੁਖਦ ਸਰਬ ਥਾਂ, 'ਤੇਗ' ਲਖ, ਮਹਿਮਾ ਕਰੀ ਬਖਾਨ ॥੧੪॥

(ਪੰਥ ਪ੍ਰਕਾਸ਼ ਪੰਨਾ ੧੩੯)

ਸੋ ਖਾਲਸਾ ਜੀਓ! ਇਸੇ ਮਹਾਨ ਸ਼ਕਤ ਨਾਲ ਚੌਵੀਂ ਅਵਤਾਰਾਂ (ਜਿਸ ਦਾ ਵਰਨਣ ਦਸ਼ਮੇਸ਼ ਜੀ ਨੇ ਦਸਮ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕੀਤਾ ਹੈ) ਨੇ ਭੀ ਜੰਗ ਕਰਕੇ ਵਿਜੈ ਪ੍ਰਾਪਤ ਕਰਦੇ ਰਹੇ ਸਨ, ਜਿਨ੍ਹਾਂ ਸ੍ਰੀ ਰਾਮ ਚੰਦਰ ਜੀ- ਸ੍ਰੀ ਕ੍ਰਿਸ਼ਨ ਜੀ ਨੇ ਇਸੇ ਕ੍ਰਿਪਾਨ ਨੂੰ ਜੰਗਾਂ ਵਿਚ ਵਰਤਨ ਤੇ ਵਿਜੈ ਪ੍ਰਾਪਤ ਕੀਤੀ।

ਇਸੇ ਕ੍ਰਿਪਾਨ ਦੀ ਮਹਾਨ ਸ਼ਕਤੀ ਦਰਸਾਨ ਲਈ ਹੀ ਅਸਾਂ ਨੈਣਾਂ ਦੇਵੀ ਤੇ ਦੇਵੀ ਪ੍ਰਗਟ- ਕਰਾਨ ਲਈ ਪੰਡਤ ਦੇ ਭਰਮ ਭੁਲੇਖੇ ਨੂੰ ਦੂਰ ਕਰਨ ਲਈ ਸਵਾ ਲੱਖ ਦੀ ਸਮਿਗਰੀ ਪੰਡਤ ਹਰਦਿਆਲ ਦੇ ਕਹੇ ਤੇ ਮੰਗਵਾਈ ਗਈ ਸੀ

ਪਰ ਹਵਨ ਕਰਨ ਤੇ ਚੰਡੀ ਪ੍ਰਗਟ ਨਾ ਹੋਈ (ਕਿਉਂਕਿ ਨਿਰੰਕਾਰ ਦੀ ਮਰਯਾਦਾ ਹੈ) ਜਦੋਂ ਆਪਣ ਕਲਾ ਕਿਸੇ ਰੂਪ ਵਿਚ ਭੇਜਦਾ ਹੈ ਤਾਂ ਦੂਸਰੀ ਕੋਈ ਸ਼ਕਤੀ-ਦੇਹ ਧਾਰ ਕੇ ਪ੍ਰਗਟ ਨਹੀਂ ਹੁੰਦੀ-ਗੁਪਤ ਰੂਪ ਵਿਚ ਪ੍ਰਭੂ ਦੀਆਂ ਉਹ ਸ਼ਕਤੀਆਂ ਉਸ ਦੇਹ ਧਾਰ ਕੇ ਭੇਜੇ ਮਹਾ ਪੁਰਖ ਨਾਲ ਸਾਥ ਦੇਂਦੀਆਂ ਹਨ।

ਜੇ ਇਹ ਗੱਲ ਜੋ ਪੰਡਤਾਂ ਦਾ ਵਿਚਾਰ ਸੀ ਕਿ ਚੰਡੀ ਪ੍ਰਗਟ ਹੋਵੇਗੀ ਜਦੋਂ ਕਸ਼ਮੀਰੀ ਪੰਡਤਾਂ ਦਾ ਧਰਮ ਛੀਨਿਆ ਜਾ ਰਿਹਾ ਸੀ- ਪੰਡਤਾਂ ਦਾ ਹਵਨ ਕਰਨ ਤੇ ਕੋਈ ਸ਼ਕਤ ਚੰਡੀ ਆਦਿ ਪ੍ਰਗਟ ਕਿਉਂ ਨਾ ਹੋਈ ? ਕਿਉਂ ਅਕਾਸ਼ਬਾਣੀ ਹੋਈ ਮੁਤਾਬਕ ਧਰਮ ਬਚਾਵਨ ਲਈ (ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦਰਬਾਰ- ਨੌਂਵੇਂ ਜਾਮੇ ਸ੍ਰੀ ਗੁਰੂ ਤੇਗ ਬਹਾਦਰ ਤੁਹਾਡੀ ਸਹਾਇਤਾ ਕਰਨਗੇ- ਜਾਉ! ਉਸ ਮੇਰੀ ਜੋਤਿ ਅਗੇ ਫਰਯਾਦ ਕਰੋ!)

ਪੰਡਤ ਹਰਦਿਆਲ ਇਹ ਭੁਲ ਚੁੱਕਾ ਸੀ, ਉਹਨਾਂ ਨੂੰ (ਸ੍ਰੀ ਗੋਬਿੰਦ ਰਾਇ) ਮੇਰੇ ਵੱਲੋਂ ਖਾਲਸਾ ਦੀ ਚੜਤ ਵੇਖ ਭੈ-ਭੀਤ ਹੋ ਰਿਹਾ ਸੀ ਕਿ ਸਾਡੀ ਰੋਟੀ-ਰੋਜ਼ੀ ਖੁਸਦੀ ਵੇਖ ਕੇ ਅਤੇ ਅਨਭੋਲ ਲੋਕਾਂ ਤੇ ਭਰਮਾਂ ਦਾ ਜਾਲ ਪਾ ਕੇ, ਆਪਣਾ, ਹਲਵਾ ਮੰਡਵੇ ਦਾ ਫਿਕਰ ਖਾ ਰਿਹਾ ਸੀ ਅਤੇ ਭੋਲਾ ਪੰਡਤ ਕੀ ਜਾਣੇ! ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਕਤੀ ਨੂੰ।

ਉਸ ਨੂੰ ਸ਼ੱਕ ਸੀ ਕਿ ਜਿਵੇਂ ਅਸਾਂ 9 ਸਾਲ ਦੀ ਉਮਰ ਵਿਚ ਪੰਡਤਾਂ ਦੀ ਫ਼ਰਯਾਦ ਸੁਣ ਕੇ ਹਿੰਦੂ ਧਰਮ ਨੂੰ ਖ਼ਤਰੇ ਵਿਚੋਂ ਬਚਾਉਣ ਲਈ ਪਿਤਾ ਨੂੰ ਸ਼ਹਾਦਤ ਦੇਣ ਤੋਰਿਆ ਸੀ ਇਹ



ਸਮਝੀ ਬੈਠੇ ਸਨ, ਇਹ ਬਾਲਕ ਵਰੇਸ ਭੀ ਝੱਟ ਆਪਣੀ ਬਲੀ ਦੇਣ ਲਈ ਤਿਆਰ ਹੋ ਜਾਣਗੇ, ਸਾਡੇ (ਪੰਡਤਾਂ) ਅਗੋਂ ਰੇੜਾ ਖ਼ਤਮ ਹੋ ਜਾਏਗਾ।

ਜਦ ਹਵਨ ਕਰਨ ਤੇ ਚੰਡੀ ਪਰਗਟ ਨਾ ਹੋਈ ਤਾਂ ਸਤਿਗੁਰਾਂ ਨੈਣੀ ਦੇਵੀ ਦੇ ਅਸਥਾਨ ਤੇ ਜੋ ਪਹਾੜੀ ਦੀ ਸਿਖਰ ਸੀ- ਬਚੀ ਸਾਰੀ ਸਮੱਗਰੀ ਹਵਨ ਕੁੰਡ ਵਿਚ ਸੁਟਵਾ ਦਿੱਤੀ, ਤਦ ਚੰਡਕਾ (ਅਗਨੀ) ਦਾ ਬੜਾ ਪ੍ਰਕਾਸ਼ ਹੋਇਆ- ਲੋਕਾਂ ਭਾਣੇ ਚੰਡੀ ਪ੍ਰਗਟ ਹੋ ਗਈ ਹੈ ਪਰ ਮੈਂ (ਗੋਬਿੰਦ ਰਾਇ) ਅਕਾਲ ਪੁਰਖ ਦੀ ਮਹਾਨ ਸ਼ਕਤਿ 'ਕ੍ਰਿਪਾਨ' ਹੀ ਪ੍ਰਗਟਾ ਕੇ ਇਸ ਨੂੰ ਨਮਸ਼ਕਾਰ ਕੀਤੀ ਸੀ ਤੇ ਉਚਾਰਨ ਕੀਤਾ ਸੀ।

ਸਾਂਗ ਸਰੋਹੀ ਸੈਫ ਅਸ-ਤੀਰ ਤੁਪਕ ਤਲਵਾਰ ॥
ਸੱਤ੍ਰਾਂਤਕ ਕਵਚਾਂਤਿ ਕਰ, ਕਰੀਐ ਰੱਛ ਹਮਾਰ ॥੧।
ਅਸ ਕ੍ਰਿਪਾਨ-ਧਾਰਾ ਧਰੀ-ਸੈਫ਼-ਸੂਲ ਜਮਦਾਢ ॥
ਕਵਚਾਂਤਕ ਸਤ੍ਰਾਂਤ ਕਰ-ਤੇਗ-ਤੀਰ ਧਰਬਾਢ ॥੨॥
ਅਸ-ਕ੍ਰਿਪਾਨ-ਖੰਡੋ ਖੜਗ-ਤੁਪਕ ਤਬਰ ਅਰੁ ਤੀਰੁ ॥
ਸੈਫ-ਸਰੋਹੀ ਸੈਹਥੀ-ਯਹੈ ਹਮਾਰੈ "ਪੀਰ" ॥੩॥

(ਸ਼ਸਤ੍ਰ ਨਾਮ ਮਾਲਾ ਪਾ : ੧੦ ਦਸਮ ਗ੍ਰੰਥ ਪੰਨਾ ੭੨)

**ਸਤਿਗੁਰੂ ਜੀ :**

ਸੋ ਗੁਰ ਸਿਖੋ! ਜਿਵੇਂ ਸ਼੍ਰਿਸ਼ਟੀ ਦਾ ਕਰਤਾ (ਅਕਾਲ ਪੁਰਖ) ਦੀ ਪੂਜਯ-ਅਰਚਾ ਬੰਦਨ ਡੰਡਉਤ-ਉਪਾਸ਼ਨਾ ਕਰਨੀ, ਹਰ ਪ੍ਰਾਣੀ ਲਈ ਜ਼ਰੂਰੀ ਹੈ।

ਇਸੇ ਤਰ੍ਹਾਂ ਧੁਰ ਦੀ ਬਾਣੀ (ਮਹਾਪੁਰਖ ਦੇ ਹੁਕਮ ਬਾਣੀ) ਸ੍ਰੀ ਗੁਰੂ ਗ੍ਰੰਥ ਸਾਹਿਬ ਹਨ, ਜਿਨ੍ਹਾਂ ਨੂੰ ਇਸ਼ਟ ਜਾਣ ਪੂਜਯ ਕਰਨੀ ਹੈ- ਜੋ ਦੂਜੇ ਇਸ਼ਟ ਹਨ।

ਤਿਵੇਂ 'ਖੜਗ' ਕ੍ਰਿਪਾਨ ਭੀ ਦੁਸ਼ਟਾ ਦੇ ਸੰਘਾਰ ਲਈ ਅਤੇ ਆਪਣੀ ਰਖਯਕ ਹੈ, ਇਸ ਨੂੰ ਤੀਸਰਾ "ਇਸ਼ਟ" ਜਾਣ-ਪੂਜਨ ਕਰਨਾ ਹੈ।

ਉਦਾਹਰਨਾ : ਜਿਵੇਂ ਕਿਹਾ ਜਾਂਦਾ ਹੈ, ਖਾਲਸੇ ਦੇ ਦੋ ਵੱਡੇ ਗੁਣ ਹਨ -
"ਬਾਣੀ-ਬਾਣਾ-ਪੰਥ ਪਛਾਣੋ"
१. ਭਾਵ ਆਤਮਾ ਦੀ ਪ੍ਰਬਲਤਾ, ਗਿਆਨ, ਬਬੇਕ- 'ਬਾਣੀ'
२. ਬਾਹਰ ਸਰੀਰਕ ਬਾਣਾ

ਜਿਵੇਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅੰਤਰ ਆਤਮ 'ਸ਼ਕਤ' ਬਾਣੀ (ਸ੍ਰੀ ਗੁਰੂ ਗ੍ਰੰਥ ਸਾਹਿਬ) ਵਿਚ ਸੰਮਿਲਤ ਕਰ ਦਿੱਤੀ।

ਤਿਵੇਂ ਬਾਣਾ, ਜੋ ਸਰੀਰਕ ਬਾਰਕ ਸੀ- ਖਾਲਸੇ ਨੂੰ ਸੌਂਪ ਦਿੱਤਾ, ਆਪ ਨਿਰਲੇਪ ਦੇ ਨਿਰਲੇਪ! ਜਿਵੇਂ ਅਕਾਲ ਪੁਰਖ-ਸਾਰਿਆਂ ਵਿਚ ਰਮਿਆ ਹੋਇਆ ਭੀ ਨਿਰਲੇਪ ਹੈ।

ਇਸੇ ਤਰ੍ਹਾਂ ਅਕਾਲ ਪੁਰਖ ਨੇ ਜੋ ਜੀਵਾਂ ਦੇ ਉਧਾਰ ਦੀ ਯੁਕਤੀ ਸੀ, ਉਹ ਧੁਰ ਕੀ ਬਾਣੀ 'ਹੁਕਮ' ਭੇਜ ਕੇ ਜੀਵਾਂ ਦੀ ਕਲਿਆਣ ਲਈ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਵਿਚ ਸੰਮਿਲਤ ਕੀਤਾ। ਜੋ ਦੂਸਰੇ ਇਸ਼ਟ ਪੂਜਯਕ ਹਨ।

ਸੰਸਾਰਕ ਰਖਯਕ ਅਕਾਲ ਪੁਰਖ ਨੇ 'ਕ੍ਰਿਪਾਨ ਸ਼ਕਤ' ਪ੍ਰਗਟ ਕਰਕੇ ਆਪਣਾ ਬਾਹਰ

ਮੁਖੀ ਸਵਰੂਪ ਜੀਵਾਂ ਨੂੰ ਬਖਸ਼ਸ਼ ਕੀਤੀ, ਜੋ ਕਲਗੀਧਰ ਨੇ ਖਾਲਸੇ ਨੂੰ ਪ੍ਰਦਾਨ ਕੀਤੀ ਹੈ ਅਤੇ ਹਰ ਅੰਮ੍ਰਿਤਧਾਰੀ ਲਈ ਹਰ ਵੇਲੇ ਕ੍ਰਿਪਾਨ ਪੰਜ ਕਰਾਕਾਂ ਵਿਚੋਂ ਲਾਜ਼ਮੀ ਕਰਾਰ ਦੇ ਦਿੱਤਾ।

ਜਿਤਨੇ ਮੁਨ-ਜਨ-ਅਵਤਾਰ ਹੋਇ ਹਨ, ਸਭ ਖੰਡੇ ਦੀ ਪੂਜਯਾ ਕਰਦੇ ਆਏ ਹਨ:

ਖੰਡਾ ਪੂਜਤ ਰਹੇ, ਜਾਨ ਰੂਪ ਕਰਤਾਰ ॥

ਸ੍ਰਿਸ਼ਟੀ ਸਾਜਨ ਦੇ ਨਾਲ ਹੀ ਖੰਡਾ (ਮੌਤ) ਸਾਜ, ਦਸ਼ਮੇਸ਼ ਜੀ ਚੰਡੀ ਦੀ ਵਾਰ ਦੇ ਆਰੰਭ ਵਿਚ ਫੁਰਮਾਇਆ -

ਖੰਡਾ-ਪ੍ਰਿਥਮੈ ਸਾਜਿ ਕੈ-ਜਿਨਿ ਸਭ ਸੈਸਾਰ ਉਪਾਇਆ

ਖੰਡੇ-ਕ੍ਰਿਪਾਨ ਦੇ ਪਿਛੇ ਅਰਥ ਦਰਸਾਏ ਹਨ *"ਕ੍ਰਿਪਾ ਨ ਕਰਨ ਵਾਲੀ" ਅਤੇ "ਮੌਤ ਦੇ ਘਾਟ ਉਤਾਰ ਦੇਣ ਵਾਲੀ"। ਸੋ ਕਲਗੀਧਰ ਜੀ ਖੜਕ (ਕ੍ਰਿਪਾਨ) ਦੀ ਉਸਤਤ ਇਸ ਪ੍ਰਕਾਰ ਕਰਦੇ ਹਨ, ਜਿਸ ਨੂੰ ਸੂਰਮੇ-ਯੋਧੇ ਜੰਗ ਜੁਧਾ ਸਮੇਂ ਜਾਪ ਕਰਦੇ ਵਿਜੈ ਪ੍ਰਾਪਤ ਕਰਦੇ ਸਨ।

ਸ਼ਸ਼ਤ੍ਰਧਾਰੀ ਪ੍ਰੇਮੀ 'ਖੜਗ ਧਾਰੀ' ਨਿਹੰਗ ਸਿੰਘ ਅਤੇ ਸੋਝੀ ਵਾਲੇ ਮਹਾਪੁਰਸ਼ ਹੁਣ ਭੀ ਨਿਤਾ ਪ੍ਰਤੀ 'ਕ੍ਰਿਪਾਨ ਇਸ਼ਟ' ਜਾਣ ਕੇ ਦਸ਼ਮੇਸ਼ ਜੀ ਦੀ ਉਚਾਰਨ ਭਗਉਤੀ ਅਸਤੋਤ੍ਰ ਦਾ ਜਾਪ ਕਰਦੇ ਹਨ, ਜੋ ਇਸ ਪ੍ਰਕਾਰ ਹਨ :

### ਭਗਉਤੀ ਅਸਤੋਤ੍ਰ ॥

ਸ੍ਰੀਮੁਖ ਵਾਕਯ ਪਾਤਸ਼ਾਹੀ ੧੦ ॥ ਭੁਯੰਗ ਪ੍ਰਯਾਤ ਛੰਦ ॥

੧. ਨਮੋ ਸ੍ਰੀ ਭਗੋਤੀ ਬਢੈਲੀ ਸਰੋਹੀ ॥ ਕਰੇ ਏਕ ਤੇ ਦ੍ਵੈ-ਸੁਭਟ ਹਾਥ ਸੋਹੀ ॥
੨. ਨਮੋ ਲੋਹ ਪੁਤਰੀ, ਅਛੋਹੰ ਰਹੰਤੀ ॥ ਨਮੋ ਜੀਭ "ਜ੍ਵਾਲਾ-ਮੁਖੀ" ਜਯੋਤ ਬੁਲੰਤੀ ॥
੩. ਭਿਰੇ ਸਾਮੁਹੇ-ਮੋਖਦਾਤੀ ਅਭੰਗੀ ॥ ਮਹਾਨ ਮਾਨ ਕੀ ਭਾਨ, ਗੰਗਾ ਤਰੰਗੀ ॥
੪. ਨਮੋ ਤੇਜ ਤਰਵਾਰ, ਸ੍ਰੀ ਖੱਗ-ਖੰਡਾ ॥ ਮਹਾ ਰੁਦਰ ਰੂਪਾ, ਬਿਰੂਪਾ ਪਰਚੰਡਾ ॥
੫. ਮਹਾਂ ਤੇਜਵੰਤੀ, ਚਮੁੰਡਾ ਦੁਧਾਰੀ ॥ ਮਹਾਂ ਕਾਨਨ-ਸ਼ੱਤ੍ਰ ਕੋ ਆਗਿਆਰੀ ॥
੬. "ਮਹਾਂਕਾਲ" ਕੀ ਕਾਲ ਕੀ ਕਾਲ ਕ੍ਰਧੰ ॥ ਮਹਾਂ ਬਿਗ੍ਰਹੀ ਬਿਧਦਾ ਸਿੰਧ ਉਧੰ ॥
੭. ਮਹਾਂ ਪਾਤਨੀ ਤੂੰ- ਪਰਲੈ ਕਾਲਕਾਰੀ ॥ ਮਹਾਂ ਅਤਰ ਤੂੰ ਹੀ, ਮਹਾਂ ਸਤ੍ਰ ਹਾਰੀ ॥
੮. "ਮਹਾਂ ਕਾਲ" ਕੀ ਲਾਟ-ਬਿਕ੍ਰਾਲ ਭੀਮਾ ॥ ਬਹੀ ਤੱਛ-ਮੁਡੰ, ਕਰੇ ਸ਼ੱਤ੍ਰ ਕੀਮਾ ॥
੯. ਮਹਾਂ ਤੇਜ ਕੀ ਤੇਜ ਤੂੰ ਤੇਜਵੰਤੀ ॥ ਪਰਜਾ ਮੰਡਣੀ, ਦੰਡਣੀ ਦੁਸ਼ਟ ਹੰਤੀ ॥
੧੦. ਮਹਾਂ ਬੀਰ ਬਿਦਯਾ, ਮਹਾਂ ਬੀਰ ਰੂਪਾ ॥ ਮਹਾਂ ਭੀਰ ਮੈ ਧੀਰ ਦਾਤੀ ਅਨੂਪਾ ॥
੧੧. ਤੁਹੀਂ-ਸੈਫ-ਪੱਟਾ, ਮਹਾਂ ਕਾਲ ਕਾਤੀ ॥ ਦਾਸ ਅਪਨੇ ਕੋ, ਅਭੈ ਦਾਨ ਦਾਤੀ ॥
੧੨. ਜਬੈ-ਮਿਯਾਨ ਤੇ ਬੀਰ, ਤੋਕੋ ਸੜੱਕੇ ॥ ਪ੍ਰਲੈ ਕਾਲ ਕੇ-ਸਿੰਧ-ਬੱਕੈ ਕੜੱਕੇ ॥
੧੩. ਧਸੈ-ਖੇਤ ਲੈਹਾਥ, ਜੋ ਤੋਹਿ ਸੂਰਾ ॥ ਭਿਰੇ ਸਾਮੁਹੇ-ਸਿਧ ਸਾਵੰਤ ਪੂਰਾ ॥
੧੪. ਕਰੈ-ਹਾਥ ਦ੍ਵੈ, ਕਾਢ ਕੇ ਮਯਾਨ ਮੇਂ ਤੇ ॥ ਫਤੇ ਪਾਇ ਹੈ, ਬੀਰ ਮੈਦਾਨ ਮੇ ਤੇ ॥
੧੫. ਕਟਕ ਸ਼ੱਤ੍ਰ ਮੈ ਝਟਕ, ਹ੍ਵੈ ਅਗਰ ਬਾਹੈ ॥ ਬਰੇ ਦੇਵ ਕੰਨਯਾ-ਭੁਗੈ ਸ੍ਵਰਗ ਸਾਹੈ ॥

* ਕ੍ਰਿਪਾਨ = ਕ੍ਰਿਪਾ + ਆਨ : ਕ੍ਰਿਪਾ ਪ੍ਰਭੂ ਦੀ ਬਖਸ਼ਿਸ਼ ਦਿਵਾਉਣ ਤੇ ਸਾਡੀ ਇੱਜ਼ਤ ਰੱਖਣ ਵਾਲੀ



੧੬. ਮਹਾਂ ਖੇਤ ਮੈ-ਜੋ ਕਰੇ ਹਾਥ ਜੇਤੇ ॥ ਬਸੈ ਸ੍ਵਰਗ ਮੈ- ਬਰਸ ਤੇਤੇ ॥
੧੭. ਸਮਰ-ਸਾਮੁਹੇ-ਸੀਸ ਤੋ ਪੈ ਚਢਾਵੈ ॥ ਮਹਾਂ ਦੇਵ ਹ੍ਵੈ, ਅਵਤਰੇ-ਰਾਜ ਪਾਵੈ ॥
੧੮. ਮੰਨ ਭਾਵਤੀ-ਜੋ ਕਰੇ ਤੋਰਿ ਪੂਜਾ ॥ ਸ਼ਤ੍ਰ ਜੀਤ-ਆਭੀਤ ਹੈ-ਸੋ ਅਦੂਜਾ ॥
੧੯. ਤੁਝੈ ਪੂਜ ਹੈ-ਬੀਰ ਬਾਨੈਤ ਛੱਤ੍ਰੀ ॥ ਮਹਾਂ ਖੜਗ ਧਾਰੀ, ਭਵੈ ਤੇਜ ਅੱਤ੍ਰੀ ॥
੨੦. ਪੜੈ-ਪ੍ਰੀਤਿ ਸੋ-ਪ੍ਰਾਤ ਅਸਤੋਤ੍ਰ ਏਹੂ ॥ ਬਨੈ ਰੁਦਰ ਕਾਲੀ-ਰਖੰਵਾਰ ਤੇਹੂ ॥
੨੧. ਰੁਦਰ ਮੰਜਨੀ, ਗੰਜਨੀ ਤੂੰ ਅਗੌਤੀ ॥ ਸਦਾ ਜੈ-ਸਦਾ ਜੈ, ਸਦਾ ਜੈ "ਭਗੌਤੀ" ॥
੨੨. ਸਦਾ ਦਾਹਨੇ, ਦਾਸ ਕੋ ਦਾਨ ਦੀਜੈ ॥ ਗੁਰੂ ਸ਼ਾਹ "ਗੋਬਿੰਦ" ਕੀ ਰੱਖ ਕੀਜੈ ॥

(ਭਗੌਤੀ ਅਸਤੋਤ੍ਰ ਸਮਾਪਤੰ)

ਇਹ ਪ੍ਰਸ਼ਨ-ਉੱਤਰ ਸ੍ਰੀ ਅਬਿਦਲ ਨਗਰ (ਹਜ਼ੂਰ ਸਾਹਿਬ) ਨਾਦੇੜ (ਮਹਾਰਾਸ਼ਟਰ) ਵਿਖੇ ਸੰਮਤ (੧੭੫੨) * ੧੭੯੫ ਬਿਕ੍ਰਮੀ ਵਿਚ ਹੋਇ ਸਨ। ਜੋ ਪੰਥ ਪ੍ਰਕਾਸ਼ ਦੇ ਪੰਨਾ ੧੨੭ ਤੇ ਲਿਖੇ ਹਨ :

ਚੌਪਈ ॥ ਇਹ ਅਸਤੋਤ੍ਰ ਗੁਰ ਦਸਮੇਸੈ ॥ ਲਿਖਯੋ ਬੀਚ ਨਿਜ ਗ੍ਰੰਥ ਬਸੇਖੈ ॥
ਅਬਿਚਲ ਨਗਰ-ਸੁਪਟ ਨੇ ਪਿਖਯੋ ॥ ਸੱਤ੍ਰਾਂ ਸੈ *ਬਵੰਜਾ ਮੇ ਲਿਖਯੋ ॥
ਦੇਗ ਤੇਗ ਕੀ ਮਹਿਮਾ ਏਤੋ ॥ ਹੈ ਅਕਾਲ ਉਸਤਤ ਮੇਂ ਤੇਤੋ ॥

ਕ੍ਰਿਪਾਨ ਇਸ਼ਟ (ਦਸਮ ਸ੍ਰੀ ਗ੍ਰੰਥ ਸਾਹਿਬ ਵਿਚ) ਇਉਂ "ਤੇਗ" ਨੂੰ ਨਮਸਕਾਰ "ਜੈ ਤੇਗੰ" ਸਤਿਗੁਰੂ ਫੁਰਮਾ ਰਹੇ ਹਨ :

ਤ੍ਰਿਭੰਗੀ ਛੰਦ ॥ ਸ੍ਰੀ ਕਾਲ ਜੀ ਕੀ ਉਸਤਤਿ ॥

੧. ਖੱਗ ਖੰਡੰ ਬਿਹੰਡੰ, ਖਲਦਲ ਖੰਡੰ, ਅਤਿ ਰਣ ਮੰਡੰ ਬਰਬੰਡੰ ॥
੨. ਭੁਜਦੰਡ ਅਖੰਡੰ, ਤੇਜ ਪ੍ਰਚੰਡੰ, ਜੋਤਿ ਅਮੰਡੰ-ਭਾਨ ਪ੍ਰਭੰ ॥
੩. ਸੁਖਾ ਸੰਤਾ ਕਰਣੰ, ਦੁਰਮਤਿ ਦਰਣੰ, ਕਿਲਬਿਖ ਹਰਣੰ, 'ਅਸ' ਸਰਣੰ ॥
੪. ਜੈ-ਜੈ ਜਗ ਕਾਰਨ, ਸ੍ਰਿਸਟ ਉਬਾਰਣ, ਮਮ ਪ੍ਰਤਿ ਪਾਰਣ "ਜੈ ਤੇਗੰ" ॥੨ ॥

(ਬਚਿਤ੍ਰ ਨਾਟਕ ਪਾ:੧੦ - ਪੰਨਾ ੩੯)

ਦੋਹਰਾ ॥

ਬਚਨ ਇਤ ਯਾਦਕ ਗੁਰੂ ਕੇ,
'ਇਸ਼ਟ' ਕਹਿਤ 'ਕਿਰਪਾਨ' ॥
ਯਾਂ ਹੀ ਸਿੱਖ ਰਾਖਤ ਹੈਂ,
"ਇਸ਼ਟ ਦੇਵ" ਨਿਜ ਮਾਨ ॥੧੯ ॥
ਪ੍ਰਤੱਖ ਗੁਰੂ ਉਪਦੇਸ਼ਟਾ,
ਗੁਰੂ ਰੂਪ ਪਛਾਨ ॥

* ਸੰਮਤ ਦੀ ਉਕਾਈ ਕਰ ਗਏ ਹਨ, ੧੭੫੨ ਨਹੀਂ, ੧੭੯੫ ਬਿਕ੍ਰਮੀ ਵਿਚ ਸਤਿਗੁਰੂ ਨਾਦੇੜ ਗਏ ਸਨ ਸੰਨ ੧੭੦੮

ਇਸ਼ਟ ਦੇਵ-ਗੁਰੂ ਗ੍ਰੰਥ ਕੋ,
ਰਾਖਯੋ ਨਿਸਚੈ ਮਾਨ ॥੧੭॥
ਗਯਾਨ-ਬਗਯਾਨ "ਅਕਾਲ ਕੋ",
ਗੁਰੂ ਗ੍ਰੰਥ ਹੈ ਹੋਤ ॥
ਪ੍ਰਤਿ ਪਾਦਕ-ਪ੍ਰਤਿ ਪਾਦਯ,
ਜੁਗ ਰੂਪ-ਅਕਾਲ ਉਦੋਤ ॥੧੮॥
ਉਤਮ-ਮਧੁਮ ਨਰ ਅਧਿਕਾਰੀ, 'ਤ੍ਰੈ ਭਾਂਤ',
ਤੀਨੋ ਹਿਤ "ਤ੍ਰੈ ਗੁਰੂ" ਵਚਨ ਕਰੇ ਬਖਯਾਤ ॥੧੯॥

(ਪੰਥ ਪ੍ਰਕਾਸ਼ ਪੰ: ੩੮)

ਇਉਂ ਸਤਿਗੁਰਾਂ, ਤਿੰਨ ਇਸ਼ਟ ਪੂਜਨ ਦਾ ਉਪਦੇਸ਼ ਦਿੱਤਾ ਅਤੇ ਤਿੰਨਾ ਦੇ ਤੱਤ (ਗੁਣਾਂ) ਦਾ ਸਾਰੰਸ ਇਉਂ ਵਰਨਣ ਕੀਤਾ ਹੈ।

੧. ਤਮੋ ਗੁਨ = ਤਮ ਪ੍ਰਧਾਨ, ਅਤਿਰੀਨ ਕੋ, ਇਸ਼ਟ ਆਤਿ "ਕ੍ਰਿਪਾਨ" ॥
੨. ਰਜੋ ਗੁਨ = ਰਜ ਪ੍ਰਧਾਨ, ਕੀਰਤਨ ਕੋ, ਇਸ਼ਟ "ਗ੍ਰੰਥ ਗੁਰੂ" ਜਾਨ ॥੨੦॥
੩. ਸਤੋ ਗੁਨ = ਸਤ ਪ੍ਰਧਾਨ, ਬ੍ਰਿਕਤਾਨ ਕੋ, ਆਹਿ "ਅਕਾਲ" ਉਪਾਸ ॥
ਤਾਂ ਤੇ-ਸਬਨ ਕਲਯਾਨ ਹਿਤ, ਤ੍ਰੈ-ਇਸ਼ਟ ਕਰੇ ਪ੍ਰਕਾਸ਼ ॥੨੧॥

ਇਉਂ ਸਤਿਗੁਰਾਂ ਇਸੇ ਅਨੁਸਾਰ ਖਾਲਸੇ ਲਈ ਤਿੰਨੇ ਗੁਣ- ਤਿੰਨ ਇਸ਼ਟ ਦਰਸਾ ਕੇ, ਤਿੰਨਾਂ ਦੀ ਪੂਜਯ ਮਾਨ-ਸਤਿਕਾਰ ਕਰਨ ਤੇ ਇਹ ਤਿੰਨੇ ੧. ਅਕਾਲ ਪੁਰਖ ੨. ਸ੍ਰੀ ਗੁਰੂ ਗ੍ਰੰਥ ਸਾਹਿਬ (ਅਕਾਲ ਬਾਣੀ) ਅਤੇ ੩. ਕ੍ਰਿਪਾਨ (ਸ਼ਕਤ ਅਕਾਲ ਪੁਰਖ) ਜੀਵ ਦੇ ਕਲਿਯਾਨਕਾਰੀ ਹਨ। ਇਉਂ ਹੋਰ ਵਿਸਥਾਰ ਪੂਰਬਕ ਇਉਂ ਸਮਝਾਉਣਾ ਕਰ ਰਹੇ ਹਨ :

੧. ਪਰਤੱਖ ਰੂਪ 'ਅਕਾਲ' ਕੋ, ਪਿਖੀਯਤ 'ਗ੍ਰੰਥ'- 'ਕ੍ਰਿਪਾਨ' ॥
੨. ਸੂਖਮ ਰੂਪ 'ਅਕਾਲ' ਕੋ, ਲਖਯਤ ਸੰਤ- ਮੱਧ ਧਿਆਨ ॥੨੨॥
੩. ਨਾਮ-ਨਾਮੀ-ਤਨ ਜੀਵ ਸਮ, ਤੀਨੋ ਏਕ ਸਰੂਪ ॥
੪. ਅਧਿਕਾਰੀ, ਤੇ ਭੇਦ ਤ੍ਰੈ- 'ਬਪ' ਕਥੈ ਅਨੂਪ ॥੨੩॥
੫. ਪ੍ਰਤਖਯ ਨੇਤਰਨ, ਕਾ ਵਿਸ਼ੇ, ਇਸ਼ਟ 'ਗ੍ਰੰਥ' - 'ਕ੍ਰਿਪਾਨ' ॥
੬. ਸ਼ੁੱਧ ਨੇਤ੍ਰ-ਬੁੱਧ ਸੇ ਲੱਖਤ ਜਨ ਅਕਾਲ-ਭਗਵਾਨ ॥੨੪॥

(ਪੰਥ ਪ੍ਰਕਾਸ਼ ਪੰਨਾ)

ਉਪਰੋਕਤ ਲਿਖਤ ਤੋਂ ਸਪਸ਼ਟ ਹੋ ਗਿਆ ਕਿ ਸ਼ੁੱਧ ਨੇਤ੍ਰ-ਸ਼ੁੱਧ ਮੱਤ-ਬੁੱਧ ਰਾਹੀਂ ਸਮਝਨ ਤੇ ਤਿੰਨੇ ਇਸ਼ਟ-ਖਾਲਸੇ ਦੇ ਪੂਜਨਯੋਗ ਹਨ।

੧. ਅਕਾਲ ਪੁਰਖ- ਸੂਖਮ ਸਰੂਪ (ਸਰਬ ਵਿਆਪੀ-ਜੋਤ ਸਰੂਪ)
੨. ਸ਼ਬਦ ਗੁਰੂ (ਸ੍ਰੀ ਗੁਰੂ ਗ੍ਰੰਥ ਸਾਹਿਬ) ' ਜੋਗ ਸਾਧਨਾ ਲਈ
੩. ਕ੍ਰਿਪਾਨ (ਖਾਲਸੇ ਦੀ ਅੰਗ-ਸਰੀਰਕ ਰਖਯਕ ਅਤੇ ਪ੍ਰਤੱਖ ਸਰੂਪ-ਅਕਾਲ) ਸ਼ਕਤ- ਛੱੜੀ ਬ੍ਰਿਤ- "ਰਾਜ" ਦੁਸ਼ਟਾ ਦੀ ਸੰਘਾਰ ਕਰਤੀ।



ਇਉਂ ਸਤਿਗੁਰਾਂ ਸਿੱਖਾਂ ਦੇ "ਪੀਰ" ਕਹਿਣ ਦੇ ਪ੍ਰਸ਼ਨ ਦਾ ਉਤਰ ਦੇ ਕੇ ਸਭ ਸ਼ੰਕੇ ਦੂਰ ਕੀਤੇ।

ਪ੍ਰਸ਼ਨ-ਉੱਤਰ ਤਾਂ ਹੋਰ ਭੀ ਸਿੰਘਾਂ ਨੇ ਕੀਤੇ, ਜੋ ਸਤਿਗੁਰਾਂ ਨਵਿਰਤ ਕੀਤੇ- ਪਰ ਇੱਥੇ ਉਹ ਲਿਖਣੇ ਉਚਿਤ ਨਹੀਂ- ਗ੍ਰੰਥ ਦਾ ਵਿਸਥਾਰ ਵਧਦਾ ਹੈ।

ਖਾਲਸਾ ਤਿੰਨਾਂ ਇਸ਼ਟਾਂ ਦਾ ਪੂਜਯ ਹੋਣ ਕਾਰਨ ਹੀ- ਅਕਾਲ ਪੁਰਖ ਦੀ ਫੌਜ ਦਾ ਸਿਪਾਹੀ - "ਰਾਜ-ਜੋਗ" ਦੋਹਾਂ ਦਾ ਧਾਰਨੀ ਤੇ ਪੂਜਯ ਹੋਣ ਕਰਕੇ ਪ੍ਰਤੱਖਯ (ਨੇਤ੍ਰਾਂ ਦਾ ਵਿਸ਼ਾ-ਦ੍ਰਿਸ਼ਟ ਮਾਨ) ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਕ੍ਰਿਪਾਨ ਦੀ ਇਕੋ ਸਮੇਂ ਪ੍ਰਕਰਮਾ ਕਰਨ ਦਾ ਭੀ ਅਧਿਕਾਰੀ ਹੈ-

ਸੋ ਪ੍ਰਕਰਮਾਂ ਬਾਰੇ ਅਗੇ ਲੇਖ ਪੜਨਾ, ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਨੂੰ ਗੁਰ ਆਦੀ ਵਾਰਨ ਕਰੀਏ।

## ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰਗੱਦੀ ਸੌਂਪਣੀ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜੀ ਨੇ ਅਕਾਲ ਦੀ ਬਾਣੀ (ਧੁਰ ਕੀ ਬਾਣੀ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਨੂੰ, ਸਚਖੰਡ ਅਬਿਚਲ ਹਜ਼ੂਰ ਸਾਹਿਬ ਨਾਦੇੜ, ਜਦ ਅਕਾਲ ਸੱਦੇ 'ਤੇ ਸਤਿਗੁਰੂ ਤਿਆਰੇ ਕਰਵਾਉਣ ਲੱਗੇ ਤਾਂ ਸਿੰਘਾਂ ਨੇ ਅਰਜ਼ ਕੀਤੀ ਜੋ ਪੰਥ ਪ੍ਰਕਾਸ਼ ਵਿਚ ਇਉਂ ਅੰਕਤ ਕੀਤਾ ਹੈ :

ਤ੍ਰਿਤੀਆ ਕੇ ਦਿਨ ਸਿਘੋਂ ਨੇ ਮਿਲ ਅਰਜ਼ ਗੁਜ਼ਾਰੀ ॥
ਹਮ ਜਾਨਿਓ ਤਨ ਤਜਨ ਕੀ, ਤੁਮ ਕੀਨੀ ਤਿਆਰੀ ॥
ਸੰਗਤ ਕੋ, ਲੜ ਕੌਣ ਕੇ, ਲਾ ਚਲੇ ਗੁਸਾਂਈ ॥
ਬਿਨੈ ਦੀਨਤਾ ਸੁਨ, ਗੁਰੂ ਇਮ ਗਿਰਾ ਅਲਾਈ ॥

**ਉਤਰ ਸਤਿਗੁਰੂ :**

ਅਬ ਹਮ ਸੋ ਗੁਰ ਥਾਪ ਹੈਂ, ਜੋ ਸ਼ੁੱਧ ਉਦਾਰੀ ॥
ਅਜਰ-ਅਮਰ-ਅਖੰਡ ਰਹਿ, ਸਦ ਪਰਉਪਕਾਰੀ ॥
ਭੇਦ-ਪੱਖਿਨ-ਸਰਬ ਕੋ, ਬਾਂਛਿਤ ਫਲ ਦੇ ਹੈਂ ॥
ਇਮ ਕਹਿ "ਗੁਰੂ ਗ੍ਰੰਥ" ਕਾ, ਪਰਕਾਸ਼ ਕਰੇ ਹੈਂ ॥
ਪੈਸੇ ਪਾਂਚ-ਨਰੀਏਲ ਲੈ, ਤਿਸ ਅਗਰ ਟਿਕਾਯੋ ॥
ਕਰ ਪ੍ਰਕਰਮਾਂ ਗੁਰੂ ਜੀ-ਨਿਜ ਮਾਥ ਝੁਕਾਯੋ ॥

**ਗੁਰੂ ਸਥਾਪਨ :**

ਗੁਰੂ ਗ੍ਰੰਥ ਕੋ-ਗੁਰੂ ਥਪਿਓ-ਕੁਣਕਾ ਬਟਵਾਯੋ ॥
ਸ੍ਰੀ ਮੁੱਖ ਤੇ ਸਭ ਸਿਖਨ ਕੋ- ਇਮ ਹੁਕਮ ਸੁਨਾਯੋ ॥

**ਦੋਹਰਾ ॥**

ਆਗਿਆ ਭਈ ਅਕਾਲ ਕੀ, ਤਬੈ ਚਲਾਯੋ ਪੰਥ ॥
ਸਭ ਸਿੱਖਨ ਕੋ ਹੁਕਮ ਹੈ, ਗੁਰੂ ਮਾਨਿਓ ਗ੍ਰੰਥ ॥

ਗੁਰੂ ਗ੍ਰੰਥ ਕੋ ਮਾਨਿਓ, ਪ੍ਰਗਟ ਗੁਰਾਂ ਕੀ ਦੇਹ॥
ਜੋ ਪ੍ਰਭ ਕੋ ਮਿਲਬੋ ਚਹੇ, ਖੋਜ ਸਬਦ ਮੈਂ ਲੇਹ॥
ਸਬ ਗੁਰੂ ਪਰਗਟ ਭਏ, ਪੂਰਨ ਹਰਿ ਅਵਤਾਰ॥
ਜਗ-ਮਗ ਜੋਤ ਬਿਰਾਜਹੀ, ਸ੍ਰੀ ਗੁਰੂ ਗ੍ਰੰਥ ਮਝਾਰ॥
ਜੋ ਦਰਸਯੋ ਚਹਿ ਗੁਰੂ ਕੋ, ਸੋ ਦਰਸੈ ਗੁਰੂ ਗ੍ਰੰਥ॥
ਪਢੈ-ਸੁਨੈ-ਸੁਾਰਥ ਲਹੈ, ਪਰਮਾਰਥ ਕੋ ਪੰਥ॥
ਵਾਹਿਗੁਰੂ-ਗੁਰ ਗ੍ਰੰਥ ਜੀ, ਉਭੈ ਜਹਾਜ ਉਦਾਰ॥
ਜੋ ਸਰਧਾ ਸੇ ਸੇਵ ਹੈ, ਸੋ ਉਤਰੈ ਭਵ ਪਾਰ॥੧੧॥

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਸਰਬ ਲੋਹ ਗ੍ਰੰਥ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਨੂੰ ਗੁਰਗੱਦੀ ਤੇ ਅਗੋਂ ਗ੍ਰੰਥ ਪੰਥ ਦਾ ਵਰਤਾਰਾ ਚਲੇਗਾ ਪਿਛੇ ਪੜ ਆਏ ਹਾਂ - ਦੋਹਾਂ ਇਸ਼ਟਾਂ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੇ ਕ੍ਰਿਪਾਨ ਇਸ਼ਟ-ਦੋਹਾਂ ਇਸ਼ਟਾਂ ਦੀ ਪ੍ਰਕਰਮਾਂ-ਸ਼ੁਕਰਾਨਾ ਕਰਨ ਬਾਰੇ ਅੱਗੇ ਪੜ੍ਹੀਏ।)



# ਪ੍ਰਕਰਮਾ-ਸੱਜੇ ਕਿ ਖੱਬੇ

ਆਪਣੇ ਇਸ਼ਟ ਦੇਵ ਦੀ ਪ੍ਰਕਰਮਾਂ ਕਰਨ ਦਾ ਵੇਦ ਕਾਲ (ਭਾਵ ਸਤਿਜੁਗ) ਤੋਂ ਹੀ ਚਲਿਆ ਆ ਰਿਹਾ ਹੈ, ਜਿਸ ਦਾ ਭਾਵ ਦੇਵਤਿਅ ਜਾਂ ਇਸ਼ਟ ਦਾ ਸ਼ੁਕਰਾਨਾ ਕਰਨਾ, ਮਹਾਨ ਕੋਸ਼ ਦੇ ਪੰਨਾ ੭੯੨ ਤੇ ਪ੍ਰਕਰਮਾਂ ਦਾ ਭਾਵ ਇਸ ਪ੍ਰਕਾਰ ਅੰਕਤ ਹੈ :

ਪਰਿਕ੍ਰਮਾ :

ਸੰ: ਸੰਗਯਾ, ਚਾਰੋ ਪਾਸੇ ਫਿਰਨ ਦੀ ਕ੍ਰਿਯਾ।

ਕਿਸੇ ਪੂਜਯ ਦੇਵਤਾ ਦੇ ਚੁਫੇਰੇ ਚੱਕਰ ਦੇਣਾ।

(ਦੇਵ ਕੀ ਲਾਲ ਪਰਿਕ੍ਰਮਾ ਕੀਨੀ) (ਦਸਮ ਗ੍ਰੰਥ ਪਾ: ੧੦ ਕ੍ਰਿਸ਼ਨਾ ਅਵਤਾਰ)

**ਮਹਾਨ ਕੋਸ਼ ਦੇ ਪੰਨਾ ੮੦੦ ਤੇ**

ਪ੍ਰਦਕਿਖਣ : ਸੰਗਯਾ॥ ਦੇਵਤਾ ਨੂੰ ਦਖਛਣ (ਸੱਜੇ) ਰੱਖ ਕੇ ਚਾਰੋਂ ਪਾਸੇ ਫਿਰਨ ਦੀ ਕ੍ਰਿਆ।

ਪਰਿਕ੍ਰਮ-ਪਰਕੰਮਿਆ॥

**ਹਿੰਦੂ ਮਤ ਦੇ ਧਰਮ ਗ੍ਰੰਥਾਂ ਅਨੁਸਾਰ :**

੧. ਦੇਵੀ ਦੀ ਇਕ ਪਰਕਰਮਾਂ (੧)
੨. ਸੂਰਜ ਦੀਆਂ ਸੱਤ (੭)
੩. ਅਗਨ ਦੀਆਂ ਸੱਤ (੭)
੪. ਗਣੇਸ਼ ਦੀਆਂ ਤਿੰਨ (੩)
੫. ਵਿਸ਼ਨੂੰ ਦੀਆਂ ਚਾਰ (੪)
੬. ਸ਼ਿਵਜੀ ਦੀ ਅੱਧੀ (½) ਪ੍ਰਕਰਮਾ ਹੈ।

ਗੁਰਮਤਿ ਅਨੁਸਾਰ ਵਿਵਾਹਤ ਜੋੜਾ (ਬੱਚੀ-ਬੱਚਾ) ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਚਾਰ ਪ੍ਰਕਰਮਾਂ ਕਰਦੇ ਹਨ।

ਪਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਵੱਡੇ ਬਾਬੇ ਦੇ ਫੁਰਮਾਨ ਨੂੰ ਸਾਕਾਰ ਰੂਪਵਾਨ ਕਰਦਿਆਂ "ਪੰਚ ਪਰਵਾਨ-ਪੰਚ ਪਰਧਾਨ" ਪੰਜਾਂ ਦੀ ਮਰਯਾਦਾ ਮੁਤਾਬਕ ਹੀ ਅੰਮ੍ਰਿਤ ਤਿਆਰ ਕਰਨ ਸਮੇਂ ਪੰਜਾਂ ਸਿੱਖਾਂ ਦੇ "ਕ੍ਰਿਪਾਨ ਇਸ਼ਟ" ਨਾਲ ਸੀਸ ਕਲਮ ਕਰਕੇ ਮੁੜ ਜੀਵਤ ਕਰ-ਅੰਮ੍ਰਿਤ ਦੀ ਸ਼ਕਤ ਨੂੰ ਸਾਕਾਰ ਕੀਤਾ ਸੀ।

੧. ਭਾਈ ਦਯਾ ਰਾਮ ਜੀ ਅੰਮ੍ਰਿਤ ਪਾਣ ਕਰਨ ਤੇ ਭਾਈ ਦਯਾ ਸਿੰਘ ਜੀ
੨. ਭਾਈ ਧਰਮ ਦਾਸ ਜੀ ਅੰਮ੍ਰਿਤ ਪਾਣ ਕਰਨ ਤੇ ਭਾਈ ਧਰਮ ਸਿੰਘ ਜੀ
੩. ਭਾਈ ਹਿੰਮਤ ਸਿੰਘ ਜੀ ਅੰਮ੍ਰਿਤ ਪਾਣ ਕਰਨ ਤੇ ਭਾਈ ਹਿੰਮਤ ਸਿੰਘ ਜੀ

੪. ਭਾਈ ਮੋਹਕਮ ਚੰਦ ਜੀ ਅੰਮ੍ਰਿਤ ਪਾਣ ਕਰਨ ਤੇ ਭਾਈ ਮੋਹਕਮ ਸਿੰਘ ਜੀ

੫. ਭਾਈ ਸਾਹਿਬ ਚੰਦ ਜੀ ਅੰਮ੍ਰਿਤ ਪਾਣ ਕਰਨ ਤੇ ਭਾਈ ਸਾਹਿਬ ਸਿੰਘ ਜੀ

ਕਲਗੀਧਰ ਜੀ ਨੇ ਆਪਣਾ ਪਹਿਲਾ ਨਾਮ ਗੋਬਿੰਦ ਰਾਏ ਤੋਂ ਪੰਜਾਂ ਤੋਂ ਅੰਮ੍ਰਿਤ ਛੱਕ ਕੇ, ਗੋਬਿੰਦ ਸਿੰਘ ਜੀ ਨਾਮ ਨਾਲ ਪੁਕਾਰਨ ਹੋਇ।

ਇਸੇ ਮਰਯਾਦਾ ਅਨੁਸਾਰ ਪੰਜਾਂ ਦੀ ਪ੍ਰਧਾਨਗੀ ਬਖਸ਼ਦਿਆਂ ਆਪਣੇ ਇਸ਼ਟ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀਆਂ ਗੁਰਮਤਿ ਅਨੁਸਾਰ ਪੰਜ ਪਰਕਰਮਾ ਦੀ ਰੀਤ ਹੈ। ਖਾਲਸਾ-ਰਾਜ-ਜੋਗੀ ਹੋਣ ਕਰਕੇ-ਦੋਹਾਂ ਇਸ਼ਟਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਕ੍ਰਿਪਾਨ ਇਸ਼ਟ ਨੂੰ ਇਕ ਸੀਮਤ (ਬਰਾਬਰ) ਰਖਕੇ ਪ੍ਰਕਰਮਾ ਕਰਦਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਖਾਲਸਾ ਜੀ ਨੂੰ ਅਕਾਲ ਪੁਰਖ ਦੀ ਫੌਜ ਦੇ ਨਾਲ-ਨਾਲ "ਰਾਜ ਤੇ ਜੋਗ" ਦੋਹਾਂ ਦਾ ਇਕੱਠਾ ਧਾਰਨੀ ਬਣਾਇਆ ਹੈ, ਜਿੱਥੇ ਇਸ਼ਟ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਜੋਗ ਕਮਾਇਆ ਜਾਣਾ ਹੈ- ਉਥੇ ਫੌਜੀ, ਛੱਤ੍ਰੀ 'ਰਾਜ' ਪਦ ਲਈ ਕ੍ਰਿਪਾਨ ਇਸ਼ਟ (ਜਿਸ ਬਾਰੇ ਪਿਛੇ ਵਿਸਥਾਰਪੂਰਵਕ ਪੜ੍ਹ ਆਏ ਹਾਂ) ਖਾਲਸੇ ਦੇ ਦੋਵੇਂ ਇਸ਼ਟ 'ਅਕਾਲ ਪੁਰਖ ਦੀ ਸ਼ਕਤ (ਧੁਰ ਕੀ ਬਾਣੀ ਤੇ ਕ੍ਰਿਪਾਨ ਇਸ਼ਟ) ਦੇ ਪ੍ਰਤੀਕ ਹੋਣ ਕਰਕੇ, ਖਾਲਸਾ ਦੋਹਾਂ ਇਸ਼ਟਾਂ ਦੀ ਇਕੱਠੀ ਪ੍ਰਕਰਮਾਂ ਕਰਨ ਸਮੇਂ ਦੋਵੇਂ ਇਸ਼ਟ ਨੂੰ ਆਪਣੇ ਖੱਬੇ ਹੱਥ ਰੱਖ ਕੇ ਕਰਦਾ ਹੈ- ਖਾਲਸਾ ਦੋਹਾਂ ਦਾ ਉਪਾਸਕ ਹੈ ਜਿਸ ਕਰਕੇ ਦੋਹਾਂ ਇਸ਼ਟਾਂ ਦੀ ਪ੍ਰਕਰਮਾ ਕਰਨ ਦਾ ਅਧਿਕਾਰੀ ਹੈ।

ਆਮ ਜਨਤਾ ਜੋ ਪ੍ਰਕਰਮਾ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀ ਕਰਦੀ ਹੈ ਇਹ ਕੇਵਲ ਵੇਦ ਰੀਤ ਹੈ ਪੰਡਤ ਕਾਲ, ਕੇਵਲ ਵੇਦਾਂ ਦੀ ਪੂਜਾ ਪ੍ਰਕਰਮਾ ਸਜੇ ਹੱਥ ਰੱਖ ਕੀਤੀ ਜਾਂਦੀ ਸੀ ਜੋ ਪੰਡਤਾਂ ਦੀ ਰੀਤ ਹੀ ਅਸੀਂ ਅਪਣਾਈ ਆ ਰਹੇ ਹਨ। ਖਾਲਸਾ ਜਿੱਥੇ ਪੰਡਤ (ਵੇਦ) ਲਛਨ ਦਾ ਅਧਿਕਾਰੀ ਹੈ, ਉਥੇ ਛਤ੍ਰੀ ਬ੍ਰਿਤ ਸ਼ਸ਼ਤ੍ਰਾ ਦਾ ਭੀ ਪੁਜਾਰੀ ਹੈ ਤਾਂ ਗੁਰਬਾਣੀ ਤੇ ਸ਼ਸਤਰਾਂ ਦੀ ਇਕਠੀ ਪੂਜਾ ਦਾ ਖਾਲਸਾ ਪੁਜਾਰੀ ਹੈ। ਜੋ ਖਾਲਸੇ ਦਾ ਇਕ ਇਸ਼ਟ (ਜੋਗ) ਦੀ ਪ੍ਰਕਰਮਾ ਕਰਦੇ ਹਾਂ। ਪ੍ਰੰਤੂ ਕ੍ਰਿਪਾਨ ਇਸ਼ਟ ਦੀ ਜਾਣਕਾਰੀ ਨਾ ਹੋਣ ਕਾਰਨ, ਅਸੀਂ 'ਰਾਜ' ਪਦ ਕ੍ਰਿਪਾਨ ਇਸ਼ਟ ਨੂੰ ਭੁਲਾਈ ਬੈਠੇ ਹਾਂ (ਕਹਿਣ ਨੂੰ ਖਾਲਸਾ 'ਰਾਜ-ਜੋਗੀ' ਹੈ) ਜਿਸ ਦੀ ਸਤਿਗੁਰਾਂ ਪ੍ਰਥਾਏ ਗੁਰਬਾਣੀ ਦੀ ਉਦਾਹਰਨਾਂ ਪਿੱਛੇ ਕ੍ਰਿਪਾਨ ਇਸ਼ਟ ਉਲੇਖ ਵਿਚ ਪੜ੍ਹ ਆਏ ਹਾਂ ਜਿਵੇਂ

"ਰਾਜ-ਜੋਗ ਤਖ਼ਤ ਦੀਅਨ ਗੁਰੂ ਰਾਮ ਦਾਸ ॥"

ਅਸੀਂ ਜੋ ਸਜੇ ਹੱਥ ਇਸ਼ਟ ਗੁਰਬਾਣੀ ਨੂੰ ਰੱਖਕੇ ਕਰਦੇ ਹਾਂ, ਇਹ ਤਾਂ ਸਰਾਸਰ ਪੰਡਤ ਵਾਦ ਦੀ ਨਕਲ ਹੈ, ਕਿਉਂਕਿ ਚਾਰ ਵਰਨ ਥਾਪੇ ਜਾਣ ਤੇ ਨਾ ਛਤ੍ਰੀ ਨਾ ਵੈਸ ਨਾ ਸ਼ੁਦਰ ਨੂੰ ਵੇਦ ਪੜਨ ਅਤੇ ਇਸ਼ਟ ਦੀ ਪੂਜਾ ਕਰਨੀ ਸਖ਼ਤ ਵਰਜਤ ਸੀ। ਕੇਵਲ ਪੰਡਤਾਂ ਨੂੰ ਹੀ ਪੂਜਾ-ਪ੍ਰਕਰਮਾ ਦਾ ਅਧਿਕਾਰ ਸੀ- ਸ਼ੂਦਰ ਜਾਣ ਨਾਮ ਦੇਵ ਨੂੰ ਮੰਦਰ 'ਚੋਂ ਉਠਾ ਦਿੱਤਾ ਸੀ।

ਜਿਸ ਕਰਕੇ ਕੇਵਲ 'ਵੇਦ' ਜਿਨਾਂ ਦੇ ਅਧਿਕਾਰੀ ਕੇਵਲ ਪੰਡਤ ਜਨ ਹੀ ਸਨ ਉਸ ਵਕਤ ਛਤ੍ਰੀ ਨੂੰ ਅਧਿਕਾਰ ਨਹੀਂ ਸੀ, ਵੇਦਾਂ ਨਾਲ ਸ਼ਸ਼ਤ੍ਰਾਂ ਦੀ ਪੂਜਾ ਕਰਨ ਦਾ ਏਹੋ ਰੀਤੀ ਸਤਿਜੁਗ ਦੀ ਪੰਡਤਾਂ ਦੀ ਚਲਾਈ ਕੇਵਲ ਇਸ਼ਟ ਇੱਕ, ਚਾਹੇ ਵੇਦ ਹੋਵਨ, ਜਾਂ ਮੂਰਤੀ ਪੂਜਾ, ਇਸੇ ਇਕ ਦੀ ਪ੍ਰਕਰਮਾ ਸਜੇ ਹੱਥ ਰੱਖ ਕੇ, ਹੀ ਤਿੰਨ ਜਗ ਇਹ ਪ੍ਰਕ੍ਰਿਆ ਚਲਦੀ



ਆਈ, ਜਿਸ ਕਰਕੇ ਕਈ ਐਸੀਆਂ ਰੀਤਾਂ, ਖਾਲਸਾ ਪੰਥ ਵਿਚ ਭੀ ਅਜੇ ਭੀ ਪੰਡਤਵਾਦ ਦੀਆਂ ਅਪਣਾਈਆਂ ਜਾਂਦੀਆਂ ਹਨ, ਜਦਕਿ ਰਹਿਤ ਨਾਮਿਆਂ ਦੇ ਕਥਨ ਅਨੁਸਾਰ :

ਜਬ ਲੱਗ ਖਾਲਸਾ ਰਹੇ ਨਿਆਰਾ ॥<br>
ਤਬ ਲੱਗ ਤੇਜ ਦੀਓ ਮੈ ਸਾਰਾ ॥<br>
ਜਬ ਇਹ ਗਹੈ "ਬਿਪਰਨ" ਕੀ ਰੀਤ ॥ (ਬਾਮਨ)<br>
ਮੈ ਨ ਕਰੋ ਇਨ ਕੀ ਪ੍ਰਤੀਤ ॥

ਸ੍ਰੀ ਕਲਗੀਧਰ ਜੀ ਨੇ ਦਸਮ ਗ੍ਰੰਥ ਫੁਰਮਾਇਆ ਹੈ:

ਸ੍ਵੈਯਾ ॥

(੧) ਛਤ੍ਰੀ ਕੋ ਪੂਤ ਹੋ 'ਬਾਮਨ' ਕੋ ਨਹਿ,<br>
ਕੈ ਤਪੁ ਆਵਤ ਹੈਂ ਜੁ ਕਰੋਂ ॥

(੨) ਅਰੁ ਅਉਰ ਜੰਜਾਰ ਜਿਤੋ ਗ੍ਰਹਕੋ,<br>
ਤੁਹਿ ਤਿਆਗ ਕਹਾਂ-ਚਿਤ ਤਾ ਮੈ ਧਰੋਂ ॥

(੩) ਅਬ ਰੀਝ ਕੈ ਦੇਹੁ ਵਹੈ ਹਮ ਕਉ,<br>
ਜੋਊ ਹਉ ਬਿਨਤੀ ਕਰ ਜੋਰ ਕਰੋਂ ॥

(੪) ਜਬ ਆਉ ਕੀ ਅਉਧ ਨਿਦਾਨ ਬਨੈ,<br>
ਅਤਿ ਹੀ ਰਨ ਮੈ ਤਬ ਜੂਝ ਮਰੋਂ ॥੨੪੯੯॥

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਫੁਰਮਾਨ ਕਰਦੇ ਹਨ, ਕਿ ਮੈਂ ਛੱਤ੍ਰੀ ਦਾ ਸਪੂਤ ਹਾਂ, ਮੈਂ ਬਾਮਨ ਦਾ (ਪੁੱਤਰ) ਨਹੀਂ, ਮੈਨੂੰ ਤਪ ਕਰਨਾ ਨਹੀਂ ਆਉਂਦਾ, ਜੋ (ਮੈਂ) ਕਰ ਲਵਾਂ।

(੨) ਅਤੇ ਹੋਰ ਜਿਨੇ ਘਰ ਦੇ ਜੰਜਾਲ ਹਨ, ਕੀ ਮੈ ਤੈਨੂੰ (ਵਾਹਿਗੁਰੂ) ਛੱਡ ਕੇ, ਉਸ ਜੰਜਾਲ ਵਿਚ ਚਿੱਤ ਜੋੜ ਲਵਾਂ ? ਇਹ ਨਹੀਂ ਮੈਥੋਂ ਹੋ ਸਕਦਾ,

(੩) (ਇਸ ਲਈ) ਹੇ ਅਕਾਲ ਪੁਰਖ ਹੁਣ ਪ੍ਰਸੰਨ ਹੋ ਕੇ, ਉਹ ਕੁਝ ਮੈਨੂੰ ਰੀਝ ਕੇ ਦਿਉ, ਹੱਥ ਜੋੜ ਕੇ ਜੋ ਮੈਂ ਬੇਨਤੀ ਕਰਦਾ ਹਾਂ।

(੪) ਜਦੋਂ ਮੇਰੀ ਆਯੂ ਦਾ ਅੰਤਮ ਸਮਾਂ ਆ ਬਣੇ (ਉਸ ਵੇਲੇ) ਮੈਂ ਬੜੇ ਭਾਰੇ ਧਰਮ ਯੁੱਧ ਵਿਚ, ਯੁੱਧ ਕਰਦਾ ਜੂਝ ਮਰਾਂ (ਭਾਵ ਸ਼ਹੀਦ ਹੋਵਾਂ) ਇਹ ਮੇਰੀ ਅੰਤਮ ਇੱਛਾ ਹੈ।

ਪਿਤਾ ਦਸ਼ਮੇਸ਼ ਤਾਂ ਅਕਾਲ ਪੁਰਖ ਅੱਗੇ ਪ੍ਰਾਰਥਨਾ ਕਰ ਰਹੇ ਹਨ, ਮੈਂ ਛੱਤ੍ਰੀ ਦਾ ਪੁੱਤਰ ਹਾਂ, ਬਾਮਨ ਦਾ ਨਹੀਂ ?

ਪਰ ਅਸੀਂ ਬਾਮਨਵਾਦ ਨੂੰ ਅਪਨਾਈ ਫਿਰਦੇ ਹਾਂ, ਛੱਤ੍ਰੀ ਸ਼ਸ਼ਤ੍ਰਾਂ ਦਾ ਪੂਜਯ ਹੈ ਸੋ ਖਾਲਸਾ, ਬ੍ਰਹਮ ਕਰਮ-ਭਗਤੀ-ਸਿਮਰਨ ਸੇਵਾ ਕਰਨ ਸਮੇਂ ਜੋਗੀ ਹੈ, ਅਤੇ ਸ਼ਸ਼ਤ੍ਰਧਾਰੀ (ਅਕਾਲ ਪੁਰਖ) ਦੀ ਫੌਜ ਦਾ ਸਿਪਾਹੀ ਹੋਣ ਕਰਕੇ ਛੱਤ੍ਰੀ ਧਰਮ-ਸ਼ਸ਼ਤ੍ਰ ਪੂਜਾ, ਦੋਨੋਂ ਇਸ਼ਟ ਦੀ ਇਕੱਠੀ ਇਕ ਪਾਸੇ ਰੱਖ ਕੇ ਖਾਲਸਾ ਪੂਜਾ ਕਰਦਾ ਹੈ।

ਭਾਵ ਖੱਬੇ ਹੱਥ, ਸ੍ਰੀ ਗੁਰੂ ਗ੍ਰੰਥ ਸਾਹਿਬ ਭੀ ਆ ਗਏ, ਇਹਨਾਂ ਨੇ ਨਾਲ ਖਾਲਸਾ ਕ੍ਰਿਪਾਨਧਾਰੀ- ਇਸੇ ਹੱਥ ਦੋਵੇਂ ਇਸ਼ਟਾਂ ਦੀ ਸਿਘ ਪ੍ਰਕਰਮਾ ਕਰਦਾ ਹੈ।

ਜੋ ਪ੍ਰਕਰਮਾ ਸੱਜੇ ਇਸ਼ਟ ਕੇਵਲ ਗੁਰਬਾਣੀ ਦੀ ਹੀ ਹੁੰਦੀ ਹੈ, ਵਿਚਾਲੇ ਪ੍ਰਕਰਮਾ ਕਰਨ ਵਾਲਾ ਅਤੇ ਕ੍ਰਿਪਾਨ ਇਸ਼ਟ ਇਸ ਦੇ ਉਪਰਲੇ ਪਾਸੇ ਭਾਵ ਕ੍ਰਿਪਾਨ ਇਸ਼ਟ ਤੋਂ ਸਿਘ ਆਪਣੀ ਪੂਜਾ (ਪ੍ਰਕਰਮਾ) ਕਰਵਾ ਰਿਹਾ ਹੁੰਦਾ ਹੈ।

ਨਿਹੰਗ ਸਿੰਘਾਂ ਬਾਰੇ ਆਮ ਲੋਕਾਈ ਕਹਿ ਦੇਂਦੀ ਹੈ, ਜੀ ਇਹ ਪੁੱਠੀ ਪ੍ਰਕਰਮਾ ਕਰਦੇ ਹਨ। ਬੁੱਢਾ ਦਲ ਜਿਸ ਦੇ ਸ੍ਰੀ ਕਲਗੀਧਰ ਜੀ ਨੇ, ਪੰਥ ਦੇ ਪਹਿਲੇ ਜਥੇਦਾਰ ਬਾਬਾ ਬਿਨੋਦ ਸਿੰਘ ਜੀ (ਜੋ ਸ੍ਰੀ ਗੁਰੂ ਅੰਗਦ ਦੇਵ ਜੀ ਮਹਾਰਾਜ ਦੀ ਕੁਲ (ਤ੍ਰੇਹਣ) ਤੋਂ ਛੇਵੇਂ ਥਾਵੇਂ ਸਨ- ਬੰਦੇ ਬਹਾਦਰ ਨਾਲ ਪੰਜ ਸਿੰਘਾਂ ਦੇ ਮੁਖੀ ਥਾਪ ਕੇ ਭੇਜਿਆ ਸੀ।)

ਸੋ, ਜੋ ਮਰਯਾਦਾ ਬੁੱਢਾ ਦਲ ਦੀ ਮੁੱਢ ਤੋਂ ਚਲੀ ਆ ਰਹੀ ਹੈ, ਉਸੇ ਮੁਤਾਬਕ ਹੀ ਖਾਲਸਾ (ਨਿਹੰਗ ਸਿੰਘ ਜਥੇਬੰਦੀਆਂ) ਪੁਰਾਤਨ ਮਰਯਾਦਾ ਮੁਤਾਬਕ ਦੋਹਾਂ ਇਸ਼ਟਾਂ ਦੀ ਇਕੱਠੀ ਖੱਬੇ ਹੱਥ ਰੱਖ ਕੇ ਪ੍ਰਕਰਮਾ ਕਰਦੀਆਂ ਆ ਰਹੀਆਂ ਹਨ।

ਇਕ ਪਾਸੇ ਜ਼ੋਰ ਦਿੱਤਾ ਜਾ ਰਿਹਾ ਹੈ ਕਿ "ਹਮ ਹਿੰਦੂ ਨਹੀਂ" ? ਖਾਲਸਾ ਨਿਆਰਾ- ਇਸ ਦੀ ਰਹਿਣੀ-ਬਹਿਣੀ-ਕਹਿਣੀ ਤੇ ਸਹਿਣੀ ਸਭ ਪਹਿਲੀਆਂ ਚਲਾਈਆਂ ਰੀਤਾਂ- ਰਸਮੋ-ਰਿਵਾਜ਼ਾਂ ਤੋਂ ਨਿਆਰਾ ਹੈ।

ਜਿੱਥੇ ਸਤਿਗੁਰਾਂ ਖਾਲਸੇ ਨੂੰ ਅਕਾਲ ਪੁਰਖ ਦੀਆਂ ਅਮੁਲੀਆਂ ਦਾਤਾਂ ਬਖਸ਼ਸ਼ ਕੀਤੀਆਂ ਹਨ, ਜਿਵੇਂ ਕੇਸ-ਮੋਹਰ ਹਨ, ਕੜਾ-ਧਰਮ ਕ੍ਰਿਤ ਦਾ ਪ੍ਰਤੀਕ-ਕਛਹਿਰਾ ਜੱਤ ਦਾ, ਕੰਘਾ ਜਿੱਥੇ ਕੇਸਾਂ ਦੀ ਸਫਾਈ ਲਈ ਜ਼ਰੂਰੀ ਹੈ, ਉਥੇ ਮਨ ਦੇ ਵਿਕਾਰਾਂ-ਅੜਕਾਂ ਨੂੰ ਦੂਰ ਕਰਨ ਦਾ ਪ੍ਰਤੀਕ ਹੈ। ਇਸੇ ਤਰ੍ਹਾਂ ਕ੍ਰਿਪਾਨ ਪ੍ਰਭੂ ਜਿੱਥੇ ਸਰੀਰਕ ਰਖਯਕ ਹੈ, ਉਥੇ ਛੜ੍ਹੀ ਖਾਲਸੇ ਲਈ ਪੂਜਕ ਹੈ। ਇਸੇ ਤਰ੍ਹਾਂ ਕਾਦਰ ਦੀ ਕੁਦਰਤ ਨਾਲ ਖਾਲਸੇ ਦੀ ਪ੍ਰਕਰਮਾ ਦਾ ਭੀ ਭਾਰੀ ਸਬੰਧ ਹੈ, ਗੁਰਬਾਣੀ ਦਾ ਫੁਰਮਾਣ:

ਕੋਲੂ-ਚਰਖਾ-ਚਕੀ-ਚਕੁ ॥ ਥਲ ਵਾਰੋਲੇ ਬਹੁਤੁ ਅਨੰਤ ॥
ਲਾਟੂ-ਮਾਧਾਣੀਆਂ ਅਨਗਾਰ ॥ ਪੰਖੀ ਭਉਦਿਆਂ ਲੈਨਿ ਨ ਸਾਹ ॥
(ਆਸਾ ਦੀ ਵਾਰ ਪਉੜੀ ੫ ਵਿਚ ਸਲੋਕ ਮ:੧ ਪੰਨਾ )

ਜਦ ਨਿਰੰਕਾਰ ਦੀ ਕਾਇਨਾਤ, ਸਾਰੀ ਖੱਬੇ ਨੂੰ ਭਉਂਦੀ ਹੈ, ਜਿਸ ਵਿਚ ਕੋਲੂ ਦਾ ਗੇੜਾ, ਚਰਖੇ ਦਾ ਘੁਮਨਾ-ਚੱਕੀ ਦੀ ਚਾਲ ਅਤੇ ਘੁਮਾਰ ਦਾ ਚੱਕ, ਗਰਮੀਆਂ ਵਿਚ ਧਰਤੀ ਤੋਂ ਗਰਦੋ-ਗੁਬਾਰ ਵਾਲੇ ਵਾ-ਵਾਰੋਲੇ ਭੀ ਆਮ ਵੇਖਣ ਵਿਚ ਆਉਂਦੇ ਹਨ ਖੱਬੇ ਹੀ ਘੁਮਦੇ ਹਨ, ਲਾਟੂ ਚਾਲਾਓ ਧਾਗਾ ਵਲੇਟ ਕੇ ਉਹ ਭੀ ਖੱਬੇ ਚੱਕਰ ਕਟਦਾ ਹੈ, ਦੁੱਧ ਰਿੜਕਣੀ ਮਧਾਣੀ ਦਾ ਗੇੜ ਭੀ ਇਸੇ ਪਾਸੇ ਹੁੰਦਾ ਹੈ, ਅਤੇ ਆਸਮਾਨ ਵਿਚ ਪੰਛੀ ਭੀ ਖੱਬੇ ਹੀ ਚੱਕਰ ਲਾਉਂਦੇ ਵੇਖੇ ਜਾ ਸਕਦੇ ਹਨ।

ਪਰ ਮਨੁਸ਼ ਹੈ, ਇਹ ਆਪਣੀ ਮੱਤ ਮੁਤਾਬਕ ਕਾਢਾਂ ਕੱਢ ਕੇ ਕੁਦਰਤ ਦੇ ਉਲਟ ਕਰਮਾਂ ਵਿਚ ਰੁਝਿਆ ਰਹਿੰਦਾ।

ਪੰਡਤਾਂ ਦਾ ਮੱਤ, ਵੇਦਾਂ ਜਾਂ ਪ੍ਰਭੂ ਸ਼ਕਤੀ ਅਗਨੀ (ਜੋ "ਭੈ ਵਿਚ ਅਗਨਿ ਕਢੈ



ਵੇਗਾਰ") ਭੈ ਵਿਚ ਹੈ ਹੀ ਕੇਵਲ ਪੂਜਾ ਪ੍ਰਕਰ ਮਾ ਇਕ ਇਸ਼ਟ ਨੂੰ ਮੁੱਖ ਰੱਖ ਕੇ ਪ੍ਰਕਰਮਾ ਕਰਦੇ ਹਨ। ਜਿਵੇਂ ਹਿੰਦੂ ਅਗਨੀ ਦੁਆਲੇ ਵਿਵਾਹਕ ਜੋੜਾ ਪ੍ਰਕਰਮਾ ਕਰਦਾ ਹੈ ਨਾਮਧਾਰੀ ਸੰਪਰਦਾਏ ਭੀ ਚੰਡਕਾ (ਅਗਨੀ) ਦੇ ਦੁਆਲੇ ਫੇਰੇ ਕਰਾਉਂਦੇ ਹਨ।

ਉਪਰੋਕਤ ਸਾਰੇ ਲੇਖ ਦਾ ਸਾਰ ਅੰਸ "ਖਾਲਸਾ-ਰਾਜ-ਜੋਗੀ" ਹੈ। ਸੋ ਦ੍ਰਿਸ਼ਟ ਮਾਨ ਦੋਹਾਂ ਇਸ਼ਟਾਂ ਦੀ ਇਕੋ ਸਮੇਂ- ਖੱਬੇ ਹੱਥ ਰੱਖ ਕੇ ਪ੍ਰਕਰਮਾਂ ਕਰਨੀ ਹੀ ਉਚਿਤ ਹੈ।

ਕੇਵਲ (ਜੋਗ) ਦੀ ਪੂਜਯ ਕਰਨੀ ਹੀ ਖਾਲਸੇ ਦਾ "ਰਾਜ-ਜੋਗ" ਦਾ ਅਧੂਰਾਪਨ ਹੈ, ਇਕ ਅੰਗੀ ਪੂਜਯਾ ਹੈ, ਦੋ ਅੰਗੀ (ਰਾਜ ਤੇ ਜੋਗ) ਦੋਹਾਂ ਦੀ ਪੂਜਯ ਇਕੋ ਸਮੇਂ ਖਾਲਸੇ ਲਈ ਖੱਬੇ ਪ੍ਰਕਰਮਾ ਕਰਨੀ ਹੀ ਯੋਗ ਹੈ।

ਇਸੇ ਕਰਕੇ ਕ੍ਰਿਪਾਨ ਦੀ ਮਹੱਤਤਾ, ਇਸ਼ਟ ਗੁਰਬਾਣੀ ਸਮਾਨ ਵਿਸ਼ੇਸ਼ਤਾ ਹੈ, ਜਦਕਿ ਕੜਾਹ ਪ੍ਰਸਾਦਿ ਜਾਂ ਗੁਰੂ ਕਾ ਲੰਗਰ ਨੂੰ ਕ੍ਰਿਪਾਨ ਭੇਟ ਕਰਨੀ- ਗੁਰੂ ਪੰਥ ਵਿਚ ਜ਼ਰੂਰੀ ਹੈ ?

# ਕੜਾਹ - ਕ੍ਰਿਪਾਨ ਭੇਟ ਦਾ ਮਹੱਤਵ

ਸਤਿਗੁਰੂ ਕਲਗੀਧਰ-ਜਦ ਕਦੀ ਕਿਸੇ ਪ੍ਰੇਮੀ ਤੇ ਪ੍ਰਸੰਨ ਹੁੰਦੇ ਸਨ ਤਾਂ ਕ੍ਰਿਪਾਨ ਭੇਟ ਕਰਦੇ ਸਨ- ਬਹੁਤ ਥਾਵੇਂ ਸਤਿਗੁਰਾਂ ਵੱਲੋਂ ਕ੍ਰਿਪਾਨ ਭੇਟਾਂ ਕੀਤੀਆਂ ਵੇਖੀਆਂ ਗਈਆਂ ਹਨ, ਉਦਾਹਰਨਾਂ - ਰਾਜਾ ਨਾਹਨ ਨੂੰ ਅਤੇ ਰਾਏ ਕਲੇ (ਰਾਏਕੋਟ) ਵਾਲੇ ਭੀ ਜਿੱਥੇ ਗੰਗਾ ਸਾਗਰ ਦਿਤਾ ਨਾਲ ਕ੍ਰਿਪਾਨ ਭੀ ਭੇਟ ਕੀਤੀ।

ਪ੍ਰਸ਼ਨ : ਇਹ ਇਕ ਪ੍ਰਸ਼ਨ ਹੈ ਕਿ ਕੜਾਹ ਪ੍ਰਸਾਦ ਜਾਂ ਲੰਗਰ ਆਦਿ ਨੂੰ ਕ੍ਰਿਪਾਨ ਭੇਟ ਕਿਉਂ ਕੀਤੀ ਜਾਂਦੀ ਹੈ?

ਜਦਕਿ ਸ਼ੁੱਧ ਜੋ ਰਹਿਤ ਨਾਮਿਆ ਵਿਚ ਕੜਾਹ ਪ੍ਰਸਾਦ ਦੇ ਸਜਾਨ ਦੀ ਬਿਧੀ ਮੁਤਾਬਕ ਸਜਿਆ ਕੜਾਹ ਪ੍ਰਸਾਦ ਕੀ ਸਤਿਗੁਰਾਂ ਦੇ ਭੋਗ ਯੋਗ ਨਹੀਂ ਹੁੰਦਾ? ਕੀ ਕ੍ਰਿਪਾਨ ਭੇਟ ਕਰਨ ਨਾਲ ਹੀ ਸ਼ੁੱਧ ਹੋ ਕੇ ਭੋਗ ਲਗਦਾ ਹੈ, ਇਸ ਭਾਵ ਨੂੰ ਸਮਝਨਾ ਹੈ :

ਆਮ ਤੌਰ 'ਤੇ ਵਿਦਵਾਨਾਂ ਤੋਂ ਪੁੱਛਣ 'ਤੇ ਉੱਤਰ ਮਿਲਦਾ ਹੈ ਕਿ ਜਦ ਸਤਿਗੁਰੂ ਮਾਛੀਵਾੜੇ ਤੋਂ ਉੱਚ ਦੇ ਪੀਰ ਬਣ ਨਿਕਲੇ ਤਾਂ ਮੁਸਲੱਕੜ ਫੌਜ ਨੇ ਸ਼ੱਕ ਦੇ ਤੌਰ 'ਤੇ ਘੇਰ ਲਿਆ- ਸਤਿਗੁਰਾਂ ਦਾ ਦਾਇਮੀ ਰੋਜ਼ਾ ਕਹਿਆ ਤਾਂ ਸੇਵਾਦਾਰਾਂ ਨੂੰ ਮੁਸਲਮਾਨੀ ਖਾਨਾ ਖਾਣ ਲਈ ਕਹਿਣ ਤੇ ਭਾਈ ਦਯਾ ਸਿੰਘ ਜੀ ਨੇ ਸਤਿਗੁਰਾਂ ਨੂੰ ਬੇਨਤੀ ਕੀਤੀ ਕਿ ਤੁਰਕਾਂ ਦਾ ਖਾਣਾ ਕਿਵੇਂ ਖਾਵਾਂਗੇ, ਸਤਿਗੁਰਾਂ ਫੁਰਮਾਇਆ :

ਤਉ ਪ੍ਰਸਾਦਿ-ਭਰਮ ਕਾ ਨਾਸੁ॥

ਪੜ੍ਹਕੇ ਕਰਦ ਭੇਟ (ਕ੍ਰਿਪਾਨ ਭੇਟ ਕਰ ਲੈਣੀ) ਇਸ ਤੋਂ ਕ੍ਰਿਪਾਨ ਭੇਟ ਕਰਨ ਦੀ ਮਰਯਾਦਾ ਚੱਲ ਪਈ। ਪਰ ਸਵਾਲ ਉਤਪੰਨ ਹੁੰਦਾ ਹੈ, ਉਹ ਤੇ ਮੁਸਲਮਾਨੀ ਖਾਣਾ ਸੀ ਕੜਾਹ ਪ੍ਰਸਾਦ ਤੇ ਸੁਚੱਮ ਨਾਲ ਤਿਆਰ ਕੀਤਾ ਤਾਂ ਕੀ ਕ੍ਰਿਪਾਨ ਭੇਟ ਨਾਲ ਹੀ ਸੁਚੱਮ ਹੁੰਦਾ ਹੈ ਜਾਂ ਸਤਿਗੁਰਾਂ ਨੂੰ ਭੋਗ ਲਗਦਾ ਹੈ ਜੇ ਕ੍ਰਿਪਾਨ ਭੇਟ ਜਾਂ ਕੜਾਹ ਪ੍ਰਸਾਦਿ ਜਾਂ ਲੰਗਰ ਦਾ ਭੋਗ ਲਗਦਾ ਹੈ- ਤਾਂ ਫਿਰ ਇਹ ਕ੍ਰਿਪਾਨ ਸ੍ਰੇਸ਼ਟ ਪੂਜਯ ਹੋਈ ਕਿ ਨਹੀਂ? ਅਸੀਂ ਇਸ ਦੀ ਭੀ ਪੂਜਾ ਕਰਦੇ ਨਹੀਂ, ਨਹੀਂ?

ਰਹਿਤ ਨਾਮਿਆਂ ਵਿਚ ਕੜਾਹ ਪ੍ਰਸਾਦ ਦੀ ਬਿਧੀ ਇਸ ਪ੍ਰਕਾਰ ਦਰਸਾਈ ਹੈ ਅਤੇ ਭਾਈ ਗੁਰਦਾਸ ਜੀ ਭੀ ਇਉਂ ਫੁਰਮਾਂਦੇ ਹਨ :

ਖੰਡ-ਘ੍ਰਿਤ-ਚੂਨ-ਜਲ, ਪਾਵਕ, ਇਕਤ੍ਰ ਭਏ,
ਪੰਚ ਮਿਲ-ਪ੍ਰਗਟ-ਪੰਚਾਮ੍ਰਿਤ ਪ੍ਰਗਾਸ ਹੈ॥ (ਕਬਿਤ ੧੨੪)

ਸੋ ਪ੍ਰੰਚਾਮ੍ਰਿਤ ਦੀਆਂ ਪੰਜ ਵਸਤ੍ਰ ੧. ਖੰਡ ੨. ਘਿਉ ੩. ਆਟਾ ੪. ਜਲ ੫. ਅਗਨੀ



- ਜਿਵੇਂ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਨੇ- ਪੰਜਾਂ ਨੂੰ ਪ੍ਰਧਾਨਗੀ ਦਿੱਤੀ ਹੈ। ਉਸ ਦੇ ਆਧਾਰ 'ਤੇ ਅਕਾਲ ਪੁਰਖ ਦੇ ਭੋਗ ਲਈ ਪ੍ਰਭੂ ਸ਼ਕਤੀਆਂ ਪੰਜਾਂ ਦੇ ਇਕੱਤਰ ਕਰਨ ਨਾਲ ਪੰਚਾਮ੍ਰਿਤ (ਕੜਾਹ ਪ੍ਰਸਾਦ) ਤਿਆਰ ਕੀਤਾ ਗਿਆ ਹੈ।

ਕੜਾਹ ਪ੍ਰਸਾਦ : ਸੰਗਯਾ : ਸਿੱਖ ਮਤ ਦਾ ਮੁੱਖ ਪ੍ਰਸਾਦ॥
ਜੋ ਅਕਾਲ ਪੁਰਖ ਨੂੰ ਅਰਪਨ ਕਰਕੇ ਸੰਗਤਿ ਵਿਚ ਵਰਤਾਈਦਾ ਹੈ॥
ਇਸ ਨੂੰ ਪੰਚਾਮ੍ਰਿਤ ਅਤੇ ਵਿਸ਼ੇਸ਼ਣ ਮਹਾਂ-ਪ੍ਰਸਾਦ ਭੀ ਹੈ।

(ਮਹਾਨ ਕੋਸ਼ ਪੰਨਾ ੩੧੩)

ਰਹਿਤ ਨਾਮਿਆਂ ਵਿਚ ਕੜਾਹ ਪ੍ਰਸਾਦ ਬਨਾਣ ਤੇ ਵਰਤਾਉਣ ਦੀ ਬਿਧੀ :

ਤੀਨ ਭਾਗ : ਘਿਉ, ਖੰਡ ਤੇ ਆਟਾ ਇਕੋ ਜਿਨੇ ਵਜ਼ਨ ਦਾ

੧. ਕੜਾਹ ਪ੍ਰਸਾਦ ਕੀ ਬਿਧਿ ਸੁਨ ਲੀਜੈ॥
੨. *ਤੀਨ ਭਾਗ-ਕੋ ਸਮਸਰ ਕੀਜੈ॥
੩. ਲੇਪਨ-ਆਗੇ, ਬਹੁਕਰ ਦੀਜੈ॥
੪. ਸਾਂਯਨ ਕਰ, ਭਾਂਜਨ ਧੋਵੀਜੈ॥
੫. ਕਰ ਇਸ਼ਨਾਨ-ਪਵਿਤ੍ਰ ਹ੍ਵੈ ਬਹੈ॥
੬. ਵਾਹਿਗੁਰੂ ਬਿਨ ਅਵਰ ਨ ਕਹੈ॥
੭. ਕਰ ਤਿਆਰ ਚੌਂਕੀ ਪਰ ਧਰੈ॥
੮. ਚਾਰ ਓਰ ਕੀਰਤਨ ਬਹਿ ਕਰੈ॥

ਉਪਰੋਕਤ ਰਹਿਤਨਾਮਿਆਂ ਦੀ ਮਰਯਾਦਾ ਮੁਤਾਬਕ ਸੂਛ ਕੜਾਹ ਪ੍ਰਸਾਦ ਤਿਆਰ ਹੋ ਗਿਆ- ਫਿਰ ਕ੍ਰਿਪਾਨ ਭੇਟ ਕਿਉਂ? ਅਗੇ ਪੜਨਾ॥

ਕੜਾਹ ਪ੍ਰਸਾਦ ਵਰਤਾਉਣ ਵਾਲੇ ਪ੍ਰਤੀ
ਜੋ ਪ੍ਰਸਾਦ ਕੋ ਬਾਂਟ ਹੈ, ਮਨ ਮੇ ਧਾਰੇ ਲੋਭ॥
ਕਿਸੇ ਥੋੜਾ, ਕਿਸੇ ਅਗਲਾ-ਸਦਾ ਰਹੈ ਤਿਸ ਸੋਗ॥ (ਤਨਖਾਹ ਨਾਮਾ)

ਮਹਾ ਪ੍ਰਸਾਦ :
੧. ਵਡਾ ਆਨੰਦ - ਪਰਮ ਆਨੰਦ
੨. ਦੇਵਤਾ ਨੂੰ ਅਰਪਿਆ ਹੋਇਆ-ਖਾਣ ਯੋਗ ਪਦਾਰਥ॥
੩. ਕੜਾਹ ਪ੍ਰਸਾਦ - ਜੋ "ਅਕਾਲ" ਨੂੰ "ਅਰਪਨ" ਕੀਤਾ ਜਾਂਦਾ ਹੈ॥

ਏਕ ਮਿਸਟਾਨ ਪਾਨ ਲਾਵਤ, ਮਹਾ ਪ੍ਰਸਾਦ॥
ਏਕ ਗੁਰਪੁਰਬ ਕੈ ਸਿੱਖਨ ਬੁਲਾਵਹੀ॥

(ਭਾ: ਗੁਰਦਾਸ ਜੀ ਕਥਿਤ ਸ੍ਵਯੈ) (ਮਹਾਨ ਕੋਸ਼ ਪੰਨਾ ੯੩੫)

ਸਪਸ਼ਟ ਹੋਇਆ ਕਿ ਕੜਾਹ ਪ੍ਰਸਾਦ, ਕਿਵੇਂ ਤਿਆਰ ਕਰਨ ਨਾਲ? ਅਕਾਲ ਪੁਰਖ (ਪ੍ਰਥਮ ਇਸ਼ਟ) ਨੂੰ ਅਰਪਨ (ਭੋਗ ਲਗਦਾ ਹੈ) ਬਾਣੀ ਇਸ਼ਟ ਦੇ ਹਜ਼ੂਰ ਜੋ ਦੂਸਰਾ ਇਸ਼ਟ ਹੈ। ਜੋ ਅਕਾਲ ਜੋਤ ਦਸ ਸਰੂਪ ਗੁਰੂ ਗ੍ਰੰਥ ਸਾਹਿਬ ਵਿਚ ਹਨ ਜਿਸ ਕਰਕੇ ਅਕਾਲ ਬਾਣੀ- ਜੋਤ ਨੂੰ ਭੋਗ ਕੜਾਹ ਪ੍ਰਸਾਦ ਦਾ ਸਤਿਗੁਰੂ ਤਿਆਰ ਕੀਤਾ ਹੈ।

**ਇਸੇ ਤਰ੍ਹਾਂ ਕ੍ਰਿਪਾਨ ਭੇਟ ਦਾ ਭਾਵ :**

ਗੁਰਬਾਣੀ ਇਸ਼ਟ ਜੋ ਅਕਾਲ ਪੁਰਖ ਦੀ ਬਾਣੀ- ਧੁਰ ਕੀ ਬਾਣੀ- ਅਕਾਲ ਸ਼ਕਤ ਇਸੇ ਤਰ੍ਹਾਂ ਅਕਾਲ ਸ਼ਕਤ ਕ੍ਰਿਪਾਨ ਨੂੰ ਭੀ ਜੋ ਤੀਸਰਾ ਇਸ਼ਟ ਹੈ- ਦੋਹਾਂ ਅਕਾਲ ਪੁਰਖ ਦੀਆਂ ਸ਼ਕਤੀਆਂ 'ਬਾਣੀ' ਤੇ 'ਕ੍ਰਿਪਾਨ' ਨੂੰ ਇਕੱਠਾ ਭੋਗ ਲਗਣ ਕਾਰਨ- ਕ੍ਰਿਪਾਨ ਭੇਟ ਕੀਤੀ ਜਾਂਦੀ ਹੈ। ਖਾਲਸਾ ਦੋਹਾਂ ਦਾ ਪੂਜਕ ਹੋਣ ਕਾਰਨ ਦੋਵੇਂ ਅਕਾਲ ਸਰੂਪ ਜਾਣ ਦੋਹਾਂ ਨੂੰ ਇਕੱਠਾ ਭੋਗ ਲੁਵਾਉਂਦੇ ਹਨ ਤਾਂ ਹੀ ਭੋਗ ਲਾਵੋ ਕਹਿਨ ਸਮੇਂ ਕ੍ਰਿਪਾਨ ਭੇਟ ਕੀਤੀ ਜਾਂਦੀ ਹੈ ਤਾਂ ਕਿ ਅਕਾਲ ਭੋਗ ਤਿੰਨਾਂ ਇਸ਼ਟਾਂ ਨੂੰ ਇਕੱਠਾ ਲੱਗੇਗਾ।

ਸੋ ਸਪਸ਼ਟ ਹੋਇਆ ਕਿ ਅਕਾਲ ਪੁਰਖ ਦਾ ਭੋਗ ਦੋਹਾਂ ਪ੍ਰਭੂ ਸ਼ਕਤੀਆਂ ਰਾਹੀਂ ਜੋ ਦ੍ਰਿਸ਼ਟਮਾਨ ਹਨ ਇਕੱਠਾ ਭੋਗ ਲਾਣਾ ਗੁਰਮਤ ਮਰਯਾਦਾ ਹੈ।

ਜਿਵੇਂ ਖਾਲਸਾ 'ਰਾਜ-ਜੋਗ' ਦਾ ਧਾਰਨੀ ਹੈ- ਇਸੇ ਤਰ੍ਹਾਂ 'ਰਾਜ-ਜੋਗ' ਦੋਨਾਂ ਇਸ਼ਟਾਂ ਜੋ ਦ੍ਰਿਸ਼ਟ ਮਾਨ ਹਨ, ਅਦ੍ਰਿਸ਼ਟਾ, ਅਕਾਲ ਪੁਰਖ ਨੂੰ ਦੋਨੋਂ ਇਸ਼ਟ ਮਿਲਣ ਤੇ ਭੋਗ ਲਗਦਾ ਹੈ ਖਾਲਸਾ-ਅਕਾਲ ਪੁਰਖ ਨੂੰ ਲੱਗੇ ਭੋਗ *ਸੀਤ ਪ੍ਰਸਾਦ ਛਕਣ ਦਾ ਅਧਿਕਾਰੀ ਹੈ। ਤਾਂ ਹੀ ਅਰਦਾਸ ਵਿਚ ਕਿਹਾ ਜਾਂਦਾ ਹੈ, ਆਪ ਕੋ ਭੋਗ ਲਗੇ-ਸੀਤ ਪ੍ਰਸਾਦ ਸਾਧ ਸੰਗਤ ਦੀ ਰਸਨੀ ਲਾਇਕ ਹੋਵੇ। ਪਰ ਅਸਾਂ ਅਜ "ਭੋਗ ਲਾਵੋ ਹਰਿ ਰਾਇ" ਬਜਾਏ "ਪ੍ਰਵਾਨ ਹੋਵੈ, ਇਹ ਸਾਡੇ ਛਕਨ ਦਾ ਹੋਇਆ ਨਾ ਕਿ ਇਸ਼ਟਾਂ ਦਾ ਭੋਗ ਪ੍ਰਵਾਨਗੀ ਲਈ ਅਰਦਾਸ ਉਚਰਨ ਹੋਣ ਲੱਗ ਪਈ ਹੈ।

ਸਪਸ਼ਟ ਹੋਇਆ ਕਿ ਜਿੱਥੇ ਪ੍ਰਕਰਮਾਂ ਦੋਹਾਂ ਇਸ਼ਟਾਂ ਦੀ ਇਕ ਸੀਮਤ ਵਿਚ ਰੱਖ ਕੇ ਕੀਤੀ ਜਾਣੀ ਯੋਗ ਹੈ, ਇਸੇ ਤਰ੍ਹਾਂ (ਰਾਜ ਤੇ ਜੋਗ) ਦੇ ਦੋਹਾਂ ਇਸ਼ਟਾਂ ਨੂੰ ਇਕੱਠਾ ਕੜਾਹ ਪ੍ਰਸਾਦ ਦਾ ਭੋਗ ਭੀ ਲਗਦਾ ਹੈ ਤਾਂ ਹੀ 'ਭੋਗ ਲੱਗੇ' ਅਰਦਾਸ ਵਿਚ ਅੱਖਰ ਕਹਿਣ ਦੇ ਨਾਲ ਹੀ ਕ੍ਰਿਪਾਨ ਇਸ਼ਟ ਜਾਣ ਭੇਟ ਕੀਤੀ ਜਾਂਦੀ ਹੈ।

---

* ਸੀਤ ਪ੍ਰਸਾਦ : ਉਦਾਹਰਨਾ : ਪਾਂਡਵਾਂ ਨੇ ਜਿੱਤ ਤੋਂ ਬਾਅਦ ਯੱਗ ਕੀਤਾ ਅਤੇ ਸਾਰੇ ਨਗਰ ਨੂੰ ਨਿਉਤਾ ਦਿੱਤਾ ਸ਼ਰਤ ਕਿ ਯੱਗ ਸੰਪੂਰਨ ਤੇ ਘੰਟੇ-ਸੱਖ ਆਪੇ ਵਜਨ ਤੇ ਯੱਗ ਸੰਪੂਰਨ ਸਮਝਿਆ ਜਾਵੇਗਾ। ਪਰ ਘੰਟੇ ਨਾ ਵਜੇ ਤਾਂ ਕ੍ਰਿਸ਼ਨ ਮਹਾਰਾਜ ਨੂੰ ਪੁਛਿਆ, ਕ੍ਰਿਸ਼ਨ ਮਹਾਰਾਜ ਕਿਹਾ, ਕਿ ਬਾਲਮੀਕ ਨੂੰ ਸੱਦੋ, ਉਸ ਨੂੰ ਤੁਸੀਂ ਨੀਚ ਜਾਣ ਕੇ ਨਿਉਤਾ ਨਹੀਂ ਦਿੱਤਾ। ਪੰਜੇ ਪਾਂਡੋ ਗਏ-ਬੇਨਤੀ ਕੀਤੀ ਤਾਂ ਬਾਲਮੀਕ (ਇਹ ਰਾਮਚੰਦ੍ਰ ਦੇ ਵਕਤ ਦਾ ਬਾਲਮੀਕ ਨਹੀਂ ਸੀ) ਕਿਹਾ- ਭਗਤੋਂ ਜਿਨੇ ਕਦਮ ਅਸੀਂ ਜਾਵਾਂਗੇ, ਇਕ ਇਕ ਕਦਮ ਦਾ ਫਲ ਇਕ ਇਕ ਯੱਗ ਦਾ ਦਿਓਗੇ ਤਾਂ ਚਲਦੇ ਹਾਂ, ਨਿਰਾਸ਼ ਉਠ ਆਇ, ਦਰੋਪਤੀ ਪਤਾ ਲੱਗਾ ਕਹਿਣ ਲੱਗੀ, ਮੈਂ ਰਿਸ਼ੀ ਜੀ ਨੂੰ ਲਿਆਉਂਦੀ ਹਾਂ, ਜਦ ਦਰੋਪਦੀ ਗਈ ਨਮਸਕਾਰ ਕਰ ਬੇਨਤੀ ਕੀਤੀ ਤਾਂ ਰਿਸ਼ੀ ਜੀ ਨੇ ਉਹੋ ਸਵਾਲ ਕੀਤਾ। ਦਰੋਪਤੀ ਵੇਦਾਂ ਮੁਤਾਬਕ ਜਾਣਦੀ ਸੀ ਕਿਹਾ! ਹਾਂ ਮਹਾਰਾਜ ਜੋ ਤੁਸਾਂ ਫੁਰਮਾਇਆ ਹੈ, ਇੱਕ ਇੱਕ ਕਦਮ ਦਾ ਇੱਕ ਇੱਕ ਯੱਗ ਦਾ ਫਲ ਪ੍ਰਵਾਨ ਹੈ?
ਪਰ ਬੇਨਤੀ ਹੈ ਕਿ ਵੇਦਾਂ-ਸ਼ਾਸ਼ਤ੍ਰਾਂ ਦੇ ਕਥਨ ਅਨੁਸਾਰ ਜੇ ਕੋਈ ਜਗਯਾਸੂ ਕਿਸੇ ਮਹਾਂਪੁਰਸ਼ ਪਾਸ ਚਲ ਕੇ ਜਾਂਦਾ ਹੈ ਤਾਂ ਇਕ ਇਕ ਕਦਮ ਦਾ ਫਲ ਸੌ ਸੌ ਯੱਗ ਦਾ ਮਹਾਤਮ ਹੁੰਦਾ ਹੈ। ਜੋ ਜਿਤਨੇ ਕਦਮ ਮੈਂ ਆਪ ਜੀ ਦੇ ਦਰਸ਼ਨ ਨੂੰ ਆਈ ਹਾਂ ਮੈਨੂੰ ਸੌ ਸੌ ਯੱਗ ਏ ਮਹਾਤਮ ਵਿਚੋਂ ਆਪ ਚਲਕੇ ਜਾਣ ਦਾ ਇਕ ਇਕ ਯੱਗ ਦਾ ਮਹਾਤਮ ਲਵੋ ਅਤੇ ਨੜਿਨਵੇਂ-ਨੜਿਨਵੇਂ ਯੱਗਾਂ ਦਾ (ਫਲ) ਮਹਾਤਮ ਮੇਰੀ ਝੋਲੀ ਪਾ ਦਿਓ।
ਰਿਸ਼ੀ ਜੀ ਉਠ ਕੇ ਯੱਗ ਅਸਥਾਨ 'ਤੇ ਪੁੱਜੇ ਦ੍ਰੋਪਤੀ ਨੇ ਛੱਤੀ ਪ੍ਰਕਾਰ ਦੇ ਭੋਜਨ (ਅਗਲੇ ਪੰਨੇ 'ਤੇ)



ਜਿਵੇਂ ਸਤਿਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਅਕਾਲ ਪੁਰਖੁ ਦੇ ਭੋਗ ਦੀ ਮਰਯਾਦਾ ਪੰਚਾਮ੍ਰਿਤ (ਕੜਾਹ ਪ੍ਰਸਾਦ) ਚਲਾਈ ਹੈ, ਇਸੇ ਤਰ੍ਹਾਂ ਸਿਮ੍ਰਿਤੀਆਂ ਮੁਤਾਬਕ-ਪੰਚ ਵਸਤੂਆਂ ਇਹ ਮੰਨੀਆਂ ਹਨ :

੧. ਦੁੱਧ
੨. ਦਹੀਂ
੩. ਘੀ
੪. ਖੰਡ ਤੇ
੫. ਸ਼ਹਿਦ

**ਬਾਣੀ ਦਾ ਫੁਰਮਾਨ :** ਜਿਹ ਮੁਖਿ ਪਾਂਚਉ ਅੰਮ੍ਰਿਤ ਖਾਏ ॥ (ਗਉੜੀ ਕਬੀਰ ਜੀ ਪੰਨਾ)

**ਵੈਦਕ ਅਨੁਸਾਰ :** ੧. ਗੋਖਰੂ ੨. ਮੁਸਲੀ ੩. ਗੋਰਖ ਮੁੰਡੀ ੪. ਗਿਲੋ ੫. ਸ਼ਤਾਵੀ ਇਹ ਵਰਤਨ ਨਾਲ ਜੀਵ ਸਦਾ ਅਰੋਗ ਰਹਿੰਦਾ ਹੈ। (ਮਹਾਨ ਕੋਸ਼ ਪੰ: ੩੧੩)

**ਪੰਚ ਪ੍ਰਸਾਦ :** ਖਾਲਸਾ ਮੱਤ ਦੇ ਮੰਨੇ ਪੰਜ ਨੈਵੇਦਯ : ਜੋ ਅਕਾਲ ਪੁਰਖ ਨੂੰ ਅਰਪਣ ਕਰਕੇ ਦੀਵਾਨ ਵਿਚ ਵਰਤਾਉਣ ਯੋਗ ਹਨ :

੧. ਕੜਾਹ ਪ੍ਰਸਾਦ
੨. ਪਤਾਸੇ
੩. ਗੁੜ
੪. ਫਲ
੫. ਮਖਾਣੇ (ਮਹਾਨ ਕੋਸ਼ ਪੰ: ੮੩੫)

---

ਤਿਆਰ ਕੀਤੇ- ਰਿਸ਼ੀ ਬਾਲਮੀਕ ਅਗੇ ਪ੍ਰੋਸ ਕੇ ਰਖੇ- ਛਕਣ ਲਈ ਤਾਂ ਰਿਸ਼ੀ ਬਾਲਮੀਕ ਨੇ ਸਾਰੇ ਇਕੱਠੇ (ਰਲਾ ਲਏ) ਕਰ ਲਏ ਤੇ ਛਕਣ ਤੇ ਥੋੜੇ ਸੰਖ-ਘੰਟੇ ਵਜੇ ਤਾਂ ਪਾਂਡਵਾਂ ਕ੍ਰਿਸ਼ਨ ਮਹਾਰਾਜ ਨੂੰ ਬੇਨਤੀ ਕੀਤੀ- ਮਹਾਰਾਜ ਆਪ ਦੇ ਕਹੇ ਇਹਨਾਂ ਰਿਸ਼ੀ ਬਾਲਮੀਕ ਜੀ ਨੂੰ ਲਿਆਂਦਾ- ਘੰਟੇ ਫਿਰ ਪੂਰੇ ਨਹੀਂ ਵਜੇ ਕੀ ਗਲਤੀ ਰਹਿ ਗਈ ਹੈ। ਤਾਂ ਕ੍ਰਿਸ਼ਨ ਮਹਾਰਾਜ ਜੀ ਨੇ ਕਿਹਾ ਇਹ ਦ੍ਰੋਪਤੀ ਤੋਂ ਪੁਛੋ?
ਕਿਉਂ ਦ੍ਰੋਪਤੀ! ਕੀ ਗੱਲ ਹੋਈ ਹੈ, ਕੋਈ ਸ਼ੰਕਾ ਹੋ ਗਿਆ ਹੈ? ਹਾਂ। ਮੈਂ ਬੜੇ ਸੁੰਦਰ ਛੱਤੀ ਪ੍ਰਕਾਰ ਦੇ ਭੋਜਨ ਬਣਾਏ ਸਨ ਪਰ ਮਹਾਤਮਾ ਨੇ ਸਾਰੇ ਇਕੱਠੇ ਕਰ ਲਏ, ਸ਼ੰਕਾ ਹੋ ਗਿਆ ਇਹ ਨੀਚ ਜਾਤੀ ਦੇ ਹਨ, ਕਦੇ ਅਜੇਹੇ ਭੋਜਨ ਛਕਣੇ ਕਿਥੋਂ ਨਸੀਬ ਹੋਇ ਹੋਣਗੇ।
ਜਦ ਰਿਸ਼ੀ ਬਾਲਮੀਕ ਜੀ ਨੂੰ ਪੁੱਛਿਆ ਕਿ ਆਪ ਨੇ ਅਜੇਹਾ ਕਿਉਂ ਕੀਤਾ? ਮਹਾਤਮਾ ਜੀ ਨੇ ਜਵਾਬ ਦਿੱਤਾ ਕਿ ਯੁੱਗ ਅਵਤਾਰ ਸ੍ਰੀ ਕ੍ਰਿਸ਼ਨ ਜੀ ਆਪ ਸਭ ਕੁਝ ਜਾਣਦੇ ਹੋ ਕਿ ਕੋਈ ਭੀ ਸਾਧੂ, ਪ੍ਰਭੂ ਭਗਤੀ ਵਾਲਾ ਪਹਿਲਾਂ ਆਪਣੇ "ਇਸ਼ਟ" ਨੂੰ ਭੋਗ ਲੁਵਾਕੇ ਫਿਰ "ਸੀਤ ਪ੍ਰਸਾਦ" ਛਕਦਾ ਹੈ।
ਮੈਂ ਜਾਣਦਾ ਸਾਂ ਕਿ ਦ੍ਰੋਪਤੀ ਨੇ ਬੜੇ ਪ੍ਰੇਮ ਨਾਲ ਕਈ ਪ੍ਰਕਾਰ ਦੇ ਭੋਜਨ ਤਿਆਰ ਕੀਤੇ ਹਨ, ਪਰ ਜੇ ਮੈਂ ਮਿੱਠੇ ਭੋਜਨ ਦਾ ਭੋਗ ਲੁਵਾਉਂਦਾ ਹਾਂ ਤਾਂ ਸਲੂਣੇ ਰਹਿ ਜਾਣੇ ਸਨ ਇਸ ਲਈ ਮੈਂ ਸਾਰੇ ਪਦਾਰਥਾਂ ਦਾ ਪ੍ਰਮੇਸ਼ਵਰ ਸਾਰੇ (ਭਗਵਾਨ) ਨੂੰ ਇਕੱਠਿਆਂ ਦਾ ਹੀ ਭੋਗ ਲੁਵਾ ਕੇ ਉਹਨਾਂ ਦਾ "ਸੀਤ ਪ੍ਰਸਾਦ" ਛੱਕਣ ਦਾ ਹੱਕਦਾਰ ਹਾਂ, ਮੈਂ ਆਪਣੇ ਇਸ਼ਟ ਦੇ ਭੋਗ ਲਵਾਉਣ ਬਿਨਾਂ ਕਿਵੇਂ ਵੱਖ-ਵੱਖ ਪਦਾਰਥ ਛੱਕ ਲੈਂਦਾ?
ਇਹ ਤਾਂ ਅਣਜਾਣ ਗ੍ਰਿਹਸਤੀ ਜਾਂ ਪ੍ਰਮੇਸ਼ਰ ਤੋਂ ਭੁਲੇ ਲੋਕਾਂ ਦਾ ਕਰਤਵ ਹੈ। ਉਹ ਇਸ਼ਟ ਨੂੰ ਨਾ ਮੰਨਦੇ ਹਨ, ਨਾ ਭੋਗ ਹੀ ਲੁਵਾ ਸਕਦੇ ਹਨ, ਕਿਉਂਕਿ ਉਹਨਾਂ ਲਈ ਸਭ ਕਿਛੁ ਆਪਣਾ ਇਕ ਰਾਮ ਪਰਾਇਆ 'ਰਾਮ' ਪਰਾਇਆ ਹੈ- ਪਰ ਭਗਤਾਂ ਦਾ ਉਹ ਆਪਣਾ ਇਸ਼ਟ ਹੈ, ਭਾਂਵੇਂ ਸੇਵਕ (ਅਗਲੇ ਪੰਨੇ 'ਤੇ)

## ਕੜਾਹ ਪ੍ਰਸਾਦ ਭੋਗ ਸਬੰਧੀ ਬਖਸ਼ਸ਼

ਬ੍ਰਹਮ ਗਿਆਨੀ-ਬਾਬਾ ਮਿੱਤ ਸਿੰਘ ਜੀ ਨਿਹੰਗ ਸਿੰਘ ਬੁੱਢਾ ਦਲ, ਜਿਨ੍ਹਾਂ ਦੀ ਸੰਗਤ ਕਰਨ ਦਾ ਸੁਭਾਗ ਦਾਸ ਨੂੰ 1935 ਤੋਂ 1940 ਈ. ਤੱਕ ਹੋਇਆ ਸੀ। ਇਹਨਾਂ ਮਹਾਂਪੁਰਸ਼ਾਂ ਜਗਤ ਮਾਤਾ ਮਾਤਾ ਸਾਹਿਬ ਕੌਰਾ ਸਚਖੰਡ ਹਜ਼ੂਰ ਸਾਹਿਬ ਦਾ ਅਸਥਾਨ ਬੜੀ ਕਠਨ ਘਾਲ ਘਾਲ ਕੇ ਆਬਾਦ ਕੀਤਾ ਸੀ।(ਜਿਨਾਂ ਦੇ ਜੀਵਨ ਲਿਖਣ ਦੀ ਬਖਸ਼ਸ਼ ਹਜ਼ੂਰ ਨੇ ਇਸੇ ਕਲਮ ਤੋਂ ਕੀਤੀ ਸੀ) ਉਸ ਵਿਚ ਇਹ ਭੇਟ ਦਰਜ ਹਨ-

ਜਦ ਅਸੀਂ ਆਦਿ ਦਸਮ ਤੇ ਸਰਬ ਲੋਹ ਦੀ ਸੰਥਾ ਕਰਦਿਆਂ ਅਜੇਹੇ ਕਈ ਪ੍ਰਸ਼ਨ ਉਤਪੰਨ ਹੁੰਦੇ ਬ੍ਰਹਮ ਲੀਣ ਬਾਬਾ ਜੀ ਬੜੀ ਖੋਜ ਭਰਪੂਰ ਗੁਝੇ ਭਾਵ, ਅਨਭਵਤਾ ਨਾਲ ਉੱਤਰ ਦੇ ਕੇ ਕਿਰਤਾਰਥ ਕਰਦੇ।

ਦਸਮ ਗ੍ਰੰਥ ਵਿਚ ਸ਼ਸ਼ਤ੍ਰ ਨਾਮ ਮਾਲਾ ਵਿਚ "ਯਹੀ ਹਮਾਰੇ ਪੀਰ" ਸਤਿਗੁਰਾਂ ਫੁਰਮਾਇਆ ਹੈ, ਕੀ ਪ੍ਰਕਰਮਾਂ ਸੱਜੇ ਕਿ ਖੱਬੇ ਅਤੇ ਕੜਾਹ ਪ੍ਰਸਾਦ ਨੂੰ ਕ੍ਰਿਪਾਨ ਭੇਟ ਕਰਨਾ, ਭੋਗ ਦਾ ਕੀ ਭਾਵ ਹਨ।

ਮਹਾਂਪੁਰਸ਼ਾਂ ਵੱਲੋਂ ਦਿੱਤੀ ਜਾਣਕਾਰੀ ਅਤੇ ਗ੍ਰੰਥਾਂ ਦੇ ਅਧਿਯਾਨ ਕਰਨ ਤੋਂ ਜੋ ਸੋਝੀ ਮਿਲੀ-ਲਿਖਣ ਦਾ ਜੋ ਸਤਿਗੁਰਾਂ ਬਖਸ਼ਸ਼ ਕਰ ਲਿਖਵਾਇਆ ਹੈ ਲਿਖਣ ਦਾ ਤੁੱਛ ਬੁੱਧੀ ਅਨੁਸਾਰ ਤਿੰਨੇ ਇਸ਼ਟ-ਪ੍ਰਕਰਮਾ ਤੇ ਕੜਾਹ ਪ੍ਰਸਾਦ ਕ੍ਰਿਪਾਨ ਭੇਟ

ਕੜਾਹ ਪ੍ਰਸਾਦ ਬਾਰੇ ਮਹਾਂਪੁਰਸ਼ਾਂ ਵੱਲੋਂ ਜੋ ਮਹੱਤਵਪੂਰਨ ਅਤੇ ਅਰਦਾਸ ਬਾਰੇ ਜੋ ਸੋਝੀ ਮਿਲੀ ਲਿਖਣੀ ਜ਼ਰੂਰੀ ਸਮਝਦਿਆਂ ਲਿੱਖੀ ਹੈ, ਜੋ ਇਸ ਪ੍ਰਕਾਰ ਹੈ :

ਭੋਗ ਤੇ ਅਰਦਾਸ ਪ੍ਰਤੀ ਸੋਝੀ ਦੇਣੀ ਰੋਜ਼ਾਨਾ ਆਸਾ ਜੀ ਦੀ ਵਾਰ ਦਾ ਸਵੇਰੇ ਕੀਰਤਨ ਇਕ ਦਿਨ ਕਰਦਿਆਂ - ਯਾਤਰੀ (ਸੰਗਤ) ਆ ਗਈ ਭੋਗ ਦਾ ਨਿਸ਼ਚਿਤ ਸਮੇਂ ਤੋਂ ਪ੍ਰੇਮ ਵੱਸ ਸ਼ਬਦ ਕੀਰਤਨ ਕਰਦਿਆਂ ਅਗੇ ਚਲੇ ਗਏ, ਬਾਬਾ ਜੀ ਨੇ ਉਸ ਸਮੇਂ ਕੁਝ ਨਹੀਂ ਕਿਹਾ (ਕਿਉਂਕਿ ਉਹ ਕਿਸੇ ਸੇਵਾਦਾਰ ਨੂੰ ਕਦੇ ਕੁਝ ਨਹੀਂ ਸਨ ਕਹਿੰਦੇ) ਮਹਾਂਪੁਰਸ਼ ਸਾਡੇ ਵਾਂਗੂ ਟੋਕਾ ਟੋਕੀ ਜਾ ਸੁਝਾਉ-ਸੰਗਤ ਵਿਚ ਨਹੀਂ ਦੇਂਦੇ ਸਨ।

ਬਾਬਾ ਮਿੱਤ ਸਿੰਘ ਜੀ ਨੇ ਕੜਾਹੀ (ਕੜਾਹ ਪ੍ਰਸਾਦ ਵਾਲੀ) ਨੂੰ ਬਾਹਰੋਂ ਹੱਥ ਲਾ ਕੇ ਵੇਖਿਆ, ਜਾਪਿਆ ਪ੍ਰਸਾਦ ਸੀਤਲ ਹੋ ਰਿਹਾ ਹੈ ਤਾਂ ਲੋਹੇ ਦੇ ਸੰਕਜੇ ਤੇ ਪ੍ਰਸਾਦ ਵਾਲੀ ਕੜਾਹੀ ਹੇਠਾਂ ਕੋਲੇ ਲਿਆ ਪਾਏ ਤਾਂ ਜੋ ਪ੍ਰਸਾਦ ਗਰਮ ਹੋ ਜਾਵੈ।

---

ਨੂੰ ਹਮੇਸ਼ਾ ਚਾਹੀਦਾ ਹੈ ਕਿ ਇਸ਼ਟ ਨੂੰ ਭੋਗ ਲਵਾ ਕੇ ਸੀਤ ਪ੍ਰਸਾਦ ਛਕੇ। ਜਦ ਦ੍ਰੋਪਤੀ ਦਾ ਇਹ ਸ਼ੰਕਾ ਦੂਰ ਹੋਇਆ ਤਾਂ ਮਾਫ਼ੀ ਮੰਗੀ ਅਤੇ ਸੰਖ-ਘੜਿਯਾਲ ਬੜੇ ਜ਼ੋਰ ਨਾਲ ਵੱਜੇ ਯੱਗ ਸੰਪੂਰਨ ਹੋਇਆ ਭਾਈ ਗੁਰਦਾਸ ਜੀ ਲਿਖਦੇ ਹਨ :

"ਚਰਨ-ਸਰਨ ਗੁਰ ਏਕ ਪੈਂਡ ਜਾਇ ਚਲ, ਸਤਿਗੁਰ ਕੋਟ ਪੈਂਡ ਆਗੇ ਹੋਇ ਲੇਤ ਹੈ॥" (੧੨੭) ਸਪਸ਼ਟ ਹੋਇਆ ਕਿ ਸਿੱਖ ਆਪਣੇ ਇਸ਼ਟ ਨੂੰ ਭੋਗ ਲੁਵਾ ਕੇ ਸੀਤ ਪ੍ਰਸਾਦ ਛਕਣ ਦਾ ਅਧਿਕਾਰੀ ਹੈ। ਨਾ ਕਿ ਪਥਾਰਥਾਂ ਦਾ ਪ੍ਰਵਾਨ ਕਰਵਾਕੇ ਛਕਣ ਦਾ ਅਧਿਕਾਰ ਹੈ ਤਾਂ ਅਸੀਂ ਇਸ਼ਟ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਤੇ ਕ੍ਰਿਪਾਨ ਨੂੰ 'ਅਕਾਲ ਜੋਤ' "ਪ੍ਰਤੱਖ ਗੁਰੂ ਨਿਸਤਾਰੇ" ਕੇਵਲ ਪੜਨ ਮਾਤ੍ਰ ਹਾਂ- ਇਸ ਦੇ ਧਾਰਨੀ ਜਾਂ ਇਹਨਾਂ ਤੇ ਅਮਲ ਕਰਨੋ ਸੰਕੋਚ ਕਰਦੇ ਹਾਂ।



ਦੀਵਾਨ ਦੀ ਸਮਾਪਤੀ ਤੇ ਸੰਗਤ ਕਰਕੇ ਅਰਦਾਸ ਭੀ ਲੰਮੀ ਹੋ ਗਈ, ਇਹ ਦੋ ਗਲਤੀਆਂ ਮੈਥੋਂ ਅਣਜਾਣ ਪੁਨੇ ਵਿਚ ਹੋ ਗਈਆਂ, ਸੋਝੀ ਨਹੀਂ ਸੀ ?

ਜਦੋਂ ਪਿਛਲੇ ਪਹਿਰ ਬਾਬਾ ਰਣ ਸਿੰਘ ਤੇ ਦਾਸ ਸੰਥਾ ਕਰਨ ਬਾਬਾ ਜੀ ਪਾਸ ਗਏ ਤਾਂ ਸੰਥਾ ਕਰਨ ਉਪਰੰਤ, ਬਾਬਾ ਮਿੱਤ ਸਿੰਘ ਜੀ, ਸ੍ਰੀ ਸਰਬ ਲੋਹ ਗ੍ਰੰਥ ਵਿਚੋਂ ਪੋਥੀਆਂ ਲਿਖਣ ਲਈ ਰਫ਼ ਲਿਖਾਉਂਦੇ ਸਨ, ਜੋ ਦਾਸ ਰਾਤ ਲਾਲਟੈਨ ਦੇ ਚਾਨਣੇ ਵਿਚ ਸ਼ੁਧ ਕਰਕੇ ਕਲਮ ਨਾਲ ਪੋਥੀਆਂ ਲਿਖਦਾ ਸੀ।

ਪੂਜਯ- ਬਾਬਾ ਜੀ ਨੇ ਸਵੇਰ ਤੋਂ ਹੁਣ ਤੱਕ ਸਵੇਰ ਦੀਆਂ ਹੋਈਆਂ ਗਲਤੀਆਂ ਉਸ ਵਕਤ ਜਤਾਈਆਂ ਨਹੀਂ ਸਨ, ਸੰਥਾ ਕਰਨ ਤੇ ਸਰਬ ਲੋਹ 'ਚੋਂ ਬਾਣੀ ਲਿਖਣ ਉਪਰੰਤ ਬੜੀ ਧੀਰਜ ਪ੍ਰੇਮ ਸਹਿਤ ਬਚਨ ਕੀਤਾ।

**ਕੜਾਹ ਪ੍ਰਸਾਦ ਬਾਰੇ :** ਗਿਆਨੀ ਸਿੰਘ! ਕੜਾਹ ਪ੍ਰਸਾਦ (ਬਾਬੇ ਨਾਨਕ ਨੇ) ਅਕਾਲ ਪੁਰਖ ਦੇ ਭੋਗ ਲਈ ਤਿਆਰ ਕਰਵਾਇਆ ਸੀ। ਸੋ ਇਹ ਭੋਗ ਅਕਾਲ ਪੁਰਖ ਨੂੰ ਲਗਨ ਸਮੇਂ ਨਾ ਬਹੁਤਾ ਸੀਤਲ ਅਤੇ ਨਾ ਹੀ ਬਹੁਤ ਗਰਮ ਹੋਣਾ ਚਾਹੀਦਾ ਹੈ, ਕਿਉਂਕਿ ਅਕਾਲ ਪੁਰਖ ਦੇ ਸੂਖਮ ਰੂਹਾਂ, ਤੇਤੀ ਕਰੋੜ ਦੇਵਤੇ ਅਤੇ ਛਿਆਨਵੇਂ ਕਰੋੜ ਮੇਘ ਮਾਲਾ ਅਤੇ ਹੋਰ ਬਖਸ਼ੀਆਂ ਰੂਹਾਂ, ਕੜਾਹ ਪ੍ਰਸਾਦ 'ਚੋਂ ਜੋ ਸੁਗੰਧੀ (ਹਵਾੜ) ਨਿਕਲਦੀ ਹੈ, ਉਸ ਨੂੰ ਸੇਵਨ ਕਰਦੀਆਂ ਹਨ, ਅਜੇਹਾ ਰੂਹਾਂ ਪੰਜ ਭੂਤਕ ਦੀ ਖੁਰਾਕ (ਅਨ ਜਾਂ ਅਜੇਹੇ ਪ੍ਰਦਾਰਥ ਭੋਜਨ ਦੀਆਂ) ਇੱਛੁਕ ਨਹੀਂ ਹੁੰਦੀਆਂ, ਨਾ ਹੀ ਉਹਨਾ ਦਾ ਇਹ ਖਾਜਾ ਇਹ ਪਦਾਰਥ ਸੰਸਾਰਕ ਜੀਵਾਂ ਦੇ ਖਾਜੇ ਹਨ ਨਿਰਗੁਣ ਸਰੂਪ ਭਾਵ ਸੂਖਮ ਸਰੂਪ (ਹਡ-ਚਮ-ਰਕਤ ਆਦ ਦੇ ਨਹੀਂ ਹੁੰਦੇ ਜਿਸ ਕਰਕੇ ਉਹ ਪਦਾਰਥਾਂ 'ਚੋਂ ਸੁਗੰਧੀ-ਹਵਾੜ ਸੇਵਨ ਕਰਕੇ ਭੋਗ ਲਾਂਦੇ ਹਨ)

ਇਸ ਕਰਕੇ ਅਸਾਂ ਕੜਾਹ ਪ੍ਰਸਾਦ ਦੇ ਟੂਲ ਥਲੇ 'ਕੋਲੇ' ਲਿਆ ਪਾਏ ਸਨ। ਕਿਉਂਕਿ ਮਹਾਂਪੁਰਸ਼ ਹੀ ਅਜੇਹਾ ਜਾਣਦੇ ਹੁੰਦੇ ਹਨ, ਅਸੀਂ ਮੰਦਬੁੱਧੀ ਕੀ ਜਾਣੀਏ- ਪ੍ਰਮੇਸ਼੍ਵਰ ਦੀ ਗਤੀ ਨੂੰ। ਇਹ ਸੋਝੀ ਮਹਾਪੁਰਸ਼ਾਂ ਤੋਂ ਪ੍ਰਾਪਤ ਹੋਈ ਕਿ ਇਹ ਅਕਾਲ ਪੁਰਖ ਦਾ ਭੋਗ ਹੈ ਅਤੇ ਸੀਤਲ ਜਾਂ ਗਰਮ ਬਹੁਤਾ ਭੋਗ ਨਹੀਂ ਲੁਵਾਉਣਾ ਚਾਹੀਦਾ। ਹਥ ਸਹਿੰਦਾ ਗਰਮ ਪ੍ਰਸਾਦਿ ਦਾ ਭੋਗ ਲਗਦਾ ਹੈ। ਜਿਸ ਵਿਚੋਂ ਕੁਝ ਹਵਾੜ (ਸੁਗੰਧੀ) ਆਵੈ (ਸੀਤਲ ਪ੍ਰਸਾਦ ਦਾ ਭੋਗ ਨਹੀਂ ਲਗਦਾ।)

ਪਰ ਅਜ ਸਾਰੇ ਰਸਮੋ-ਰਿਵਾਜ਼ ਗੁਰਮਤ ਮਰਯਾਦਾ ਵਿਚ ਬਹੁਤ ਗਿਰਾਵਟ ਆ ਚੁੱਕੀ ਹੈ, ਅਸੀਂ ਕੜਾਹ ਪ੍ਰਸਾਦ ਸਜਾਨ ਦੀ ਜੋ ਮਰਯਾਦਾ ਰਹਿਤਨਾਮਿਆਂ ਵਿਚ ਜੋ ਪਿੱਛੇ ਦਰਜ ਕੀਤੀ ਹੈ, ਉਸ ਦੀ ਉਲੰਘਣਾ ਕਰਕੇ, ਸੰਸਾਰਕ ਦੌੜ ਵਾਂਗ ਗੁਰਮਤਿ ਨੂੰ ਵੀ ਉਸੇ ਦੌੜ ਵਾਂਗ ਦੌੜ ਵਿਚ ਲਗ ਕੇ ਛੇਤੀ ਕਰੋ ਜੀ ਕਰ ਰਹੇ ਹਾਂ ਛੇਤੀ ਹੋ ਜਾਵੈ।

ਨਾ ਪੋਚਾ-ਨਾ ਬਰਤਨ ਸਾਫ਼ ਕਰਨੇ, ਨਾ ਪਹਿਲਾਂ ਚਾਸ ਬਨਾਣੀ ਨਾ ਮੱਠੀ ਅੱਗ ਤੇ ਪਾਠ ਕਰਦਿਆਂ, ਚੇਹਰਾ ਸਜਾ ਕੇ ਆਪ ਸੁਛ (ਇਸ਼ਨਾਨ ਕਰਕੇ) ਆਟਾ ਘੀ ਵਿਚ ਸਹਿਜੇ ਸਹਿਜੇ ਭੁੰਨਣ ਦੀ ਬਜਾਏ ਨਵੀ ਮਰਯਾਦਾ ਚਲਾ ਲਈ ਹੈ, (ਝੱਟ ਰੋਟੀ ਪਟਕ ਦਾਲ) ਵਾਲਾ ਕੰਮ ਸ਼ੁਰੂ ਕਰ ਦਿੱਤਾ ਹੈ।

ਆਟਾ ਭੁੰਨਿਆ ਵਿਚ ਖੰਡ ਤੇ ਠੰਢਾ ਪਾਣੀ ਪਾ ਕੇ ਪ੍ਰਸਾਦ ਤਿਆਰ ਕਰ ਲਿਆ, ਨਾ ਬਾਣੀ ਪੜੀ ਅਤੇ ਜਿਸ ਚੁਲੇ ਤੇ ਚਾਹ ਜਾਂ ਹੋਰ ਦਾਲ ਸਬਜ਼ੀ ਬਣਾਈ, ਉਥੇ ਹੀ (ਅਕਾਲ

ਪੁਰਖ ਦਾ ਭੋਗ) ਪ੍ਰਸਾਦ ਤਿਆਰ ਕਰ ਲਿਆ। ਕੀ ਸਾਡਾ ਇਸ ਤਰ੍ਹਾਂ ਦਾ ਸਜਾਇਆ ਪ੍ਰਸਾਦਿ ਅਕਾਲ ਪੁਰਖ ਨੂੰ ਪ੍ਰਵਾਨ ਹੁੰਦਾ ਹੋਵੇਗਾ? ਕਦਾ ਚਿੱਤ ਭੀ ਨਹੀਂ? ਇਕ ਰਸਮ ਰਹਿ ਗਈ ਹੈ ਸ਼ਰਧਾ-ਭਾਵਨਾ ਨਹੀਂ? ਤਾਂ ਹੀ ਸ਼ਾਇਦ ਸਾਡੇ ਭਾਈਚਾਰੇ ਨੇ 'ਭੋਗ ਲਾਵੋ' ਦੀ ਬਜਾਏ 'ਪ੍ਰਵਾਨ ਹੋਵੈ' ਅਖਰ ਭੀ ਬਦਲ ਲਏ ਹਨ ਕਿਉਂਕਿ ਮਰਯਾਦਾ ਨਾਲ ਪ੍ਰਸਾਦ ਤਾਂ ਤਿਆਰ ਨਹੀਂ ਹੋਇਆ 'ਭੋਗ ਕਿੱਥੇ?'

ਸ਼ਾਇਦ ਇਸੇ ਕਰਕੇ ਸਾਡੇ ਭਾਈਚਾਰੇ ਨੇ ਸਮਝ ਲਿਆ ਹੋਵੇਗਾ ਕਿ ਅਜੇਹਾ ਭੋਗ ਤਾਂ ਲਗਣਾ ਨਹੀਂ? ਅਰਦਾਸ ਵਿਚ ਭੋਗ ਲਾਵੋ ਅਖਰ ਕੱਢ ਕੇ (ਆਪ ਦੇ ਦਰ ਪ੍ਰਵਾਨ ਹੋਵੈ) ਅਖਰ ਜੋੜ ਦਿੱਤੇ ਹਨ।

### ਲੰਮੀ ਅਰਦਾਸ ਬਾਰੇ ਬਾਬਾ ਜੀ ਦੇ ਬਚਨ

ਇਸੇ ਤਰ੍ਹਾਂ ਮਹਾਂਪੁਰਸ਼ ਬਾਬਾ ਮਿੱਤ ਸਿੰਘ ਜੀ ਨੇ ਕਿਹਾ, ਭਾਈ ਸੰਗਤ ਜਿਸ ਵਿਚ ਬਾਣੀ ਦਾ ਫੁਰਮਾਣ ਹੈ:

ਵਿਚ ਸੰਗਤਿ ਹਰਿ ਪ੍ਰਭ ਵਸੈ ਜੀਉ ॥

ਜਦ ਪ੍ਰਭੂ (ਅਕਾਲ ਪੁਰਖ) ਸੰਗਤ ਵਿਚ ਹਾਜ਼ਰ ਹੁੰਦੇ ਹਨ, ਜਿਸ ਅਗੇ (੧ਓ) ਕਹਿਣ ਤੇ ਅਕਾਲ ਪੁਰਖ ਨੂੰ ਮੁਖਾਤਬਕ ਹੁੰਦਿਆਂ ਜਦ ਅਰਦਾਸ ਕਰੀਦੀ ਹੈ ਤਾਂ ਅਕਾਲ ਪੁਰਖ ਦੀ ਗੁਪਤ ਸੈਨਾ ਜਿਵੇਂ ਤੇਤੀ ਕਰੋੜ ਦੇਵਤੇ, ਛਿਆਨਵੇਂ ਕਰੋੜ ਮੇਘ ਮਾਲਾ, ਪੀਰ ਪੈਗੰਬਰ-ਅਵਤਾਰ ਸਾਰੇ "ਇਕ ਅੰਗੂਠੇ" ਦੇ ਭਾਰ ਖੜੇ ਹੁੰਦੇ ਹਨ, ਅਸੀਂ ਦੋ ਪੈਰਾਂ 'ਤੇ ਖੜ੍ਹੇ ਹੁੰਦੇ ਹਾਂ, ਲੰਮੀ ਅਰਦਾਸ ਵਿਚ ਜਿੱਥੇ ਪੰਜ ਭੂਤਕ ਸਰੀਰ ਵਾਲੇ-ਬਿਰਦ-ਬੀਮਾਰ ਮਨੁਸ਼ ਉਕਤਾ ਜਾਂਦੇ ਹਨ ਤਾਂ ਇਕ ਅੰਗੂਠੇ ਦੇ ਭਾਰ ਖੜੇ ਸੂਖਮ ਸਰੀਰਾਂ ਨੂੰ ਕਿਤਨਾ ਕਸ਼ਟ ਹੁੰਦਾ ਹੋਵੈਗਾ- ਜੇ ਉਹਨਾਂ ਦੀ ਆਤਮਾ ਨੂੰ ਕਸ਼ਟ ਹੁੰਦਾ ਹੋਵੈਗਾ ਤਾਂ ਸਾਡੀ ਲੰਮੀ ਅਰਦਾਸ ਪ੍ਰਵਾਨ ਕਿਵੇਂ ਹੋਵੈਗੀ? ਸਾਡੀਆਂ ਮਨੋਕਾਮਨਾ ਕਿਵੇਂ ਨਿਰੰਕਾਰ ਅਕਾਲ ਪੁਰਖ ਪੂਰੀਆਂ ਕਰਨਗੇ ਜਦ ਉਸਦੀ ਸੈਨਾ ਦੁਖੀ ਹੋਵੇਗੀ

ਅਰਦਾਸ ਇਕ ਮਨ-ਚਿੱਤ ਹੀ ਕੀਤੀ ਸਾਰੀ ਸੰਗਤ ਦੀ ਪ੍ਰਵਾਨ ਹੁੰਦੀ ਹੈ, ਜੇ ਸੰਗਤ ਦਾ ਮਨ ਖਿਝ ਗਿਆ ਅਤੇ ਥਿਰ ਨਹੀਂ ਤਾਂ ਅਰਦਾਸ ਦਾ ਭਾਵ ਕਿਵੇਂ ਪ੍ਰਾਪਤ ਹੋਵੇਗਾ? ਉਧਰ ਗੁਪਤ ਰੂਹਾਂ ਜੋ ਇਕ ਅੰਗੂਠੇ ਤੇ ਖੜੀਆਂ ਦਾ ਅੰਦਾਜ਼ਾ ਲਾਈਏ, ਕੀ ਉਹ ਲੰਮੀ ਅਰਦਾਸ ਵਿਚ ਕਿਵੇਂ ਖੜ੍ਹੇ ਹੋ ਸਕਨਗੇ, ਉਹਨਾਂ ਲਈ ਲੰਮੀ ਅਰਦਾਸ ਕਰਨ ਵਾਲਾ ਦੋਸ਼ੀ ਹੋਵੇਗਾ।

ਉਹਨਾਂ ਸੂਖਯਮ ਰੂਹਾਂ (ਅਕਾਲ ਪੁਰਖ- ਤੇ ਗੁਰੂ) ਅੱਗੇ ਕੀਤੀ ਲੰਮੀ ਅਰਦਾਸ ਤੇ ਉਨ੍ਹਾਂ ਨੂੰ ਕਸ਼ਟ ਪੁਜੇਗਾ ਤਾਂ ਸਾਡੀਆਂ ਕੀਤੀਆਂ ਅਰਦਾਸਾਂ ਮਨੋਕਾਮਨਾਵਾਂ-ਇੱਛਾਂ-ਉਹ ਕਿਵੇਂ ਪੂਰੀਆਂ ਕਰਨਗੇ। ਕਿਉਂਕਿ ਅਰਦਾਸ ਵਿਚ ਪ੍ਰਤੱਖ ਤੇ ਗੁਪਤ ਰੂਹਾਂ ਅੱਗੇ ਇਕ ਸੁਰ (ਇਕ ਮਨ) ਹੋ ਕੇ ਅਰਦਾਸ ਕੀਤੀ ਹੀ ਪ੍ਰਵਾਨ ਹੁੰਦੀ ਹੈ।

ਸੋ ਭਾਈ ਸੰਗਤ ਵਿਚ ਅਰਦਾਸ ਜਿਤਨੀ ਹੋ ਸਕੇ ਸੂਖਮ (ਛੋਟੀ) ਕੀਤੀ ਜਾਇਆ ਕਰੇ। ਆਪ ਆਪਣੀ ਇਕਲਿਆਂ ਜਿਤਨੀ ਮਰਜ਼ੀ ਕਰੋ। ਅਤੇ ਅਰਦਾਸ ਸੂਖਮ ਤੇ ਸਹਿਜ ਨਾਲ,



ਪਾਤਸ਼ਾਹੀਆਂ ਨੂੰ ਪ੍ਰਤੱਖ ਸਾਮਨੇ ਹਾਜ਼ਰ ਸਮਝ ਬੜੇ ਠਰੰਮੇ-ਅਦਬ ਨਾਲ ਨਾਮ ਉਚਾਰੋ ਕਾਹਲੀ ਕਾਹਲੀ ਨਹੀਂ?

ਸੋ ਮਹਾਪੁਰਸ਼ ਬਾਬਾ ਮਿੱਤ ਸਿੰਘ ਜੀ ਨਿਹੰਗ ਸਿੰਘ ਬੁੱਢਾ ਦਲ ਵੱਲੋਂ, ਕੜਾਹ ਪ੍ਰਸਾਦ ਤੇ ਅਰਦਾਸ ਬਾਰੇ ਮਿਲੀ ਜਾਣਕਾਰੀ ਲਿਖਣੀ ਉਚਿਤ ਸਮਝਦਿਆਂ ਲਿਖੀ ਹੈ, ਕਿਉਂਕਿ ਅਜੇਹੀ ਸੋਝੀ ਕਿਸੇ ਬ੍ਰਹਮ ਗਿਆਨੀ ਪੁਰਸ਼ਾਂ ਤੋਂ ਹੀ ਮਿਲਦੀ ਹੈ, ਜੋ ਵਾਹਿਗੁਰੂ ਦਾ ਸਿਮਰਨ ਕਰਕੇ, ਸਦਾ ਪ੍ਰਭੂ ਨੂੰ ਹਾਜ਼ਰ-ਨਾਜ਼ਰ ਸਮਝਦੇ ਹਨ ਅਤੇ "ਹਾਜ਼ਰਾ-ਹਜੂਰ ਹੈ" ਹਰ ਵਕਤ ਸਮਝਦੇ ਸੇਵਾ ਕਰਦੇ ਹਨ। ਅਸੀਂ ਹਾਜ਼ਰ-ਹਜੂਰ ਨੂੰ ਨਹੀਂ ਸਮਝਦੇ ਜਿਸ ਕਰਕੇ ਮਨ ਦੀ ਮਤ ਮੁਤਾਬਕ ਕਾਰ-ਸੇਵਾ ਕਰੀ ਜਾ ਰਹੇ ਹਾਂ।

ਗੁਰੂ ਘਰ ਦੇ ਪ੍ਰੇਮੀ-ਸ਼ਰਧਾਲੂ ਪੁਰਸ਼ਾਂ ਦੀ ਜਾਣਕਾਰੀ ਲਈ ਜੋ ਸਤਿਗੁਰਾਂ ਜਣਾਇਆ, ਆਪਣੀ ਤੁੱਛ ਬੁਧੀ ਅਨੁਸਾਰ ਲਿਖਣ ਦਾ ਯਤਨ ਕੀਤਾ ਹੈ। ਇਸ ਵਿਚ ਬੁੱਧੀ ਦੀ ਚਾਤਰੀ ਜਾਂ ਕੋਈ ਅਜੇਹੀ ਭਾਵ ਨਾਲ ਲੇਖ ਨਹੀਂ ਲਿਖੇ, ਜਿਸ ਤੋਂ ਹਉਮੈ ਨੂੰ ਪਠੇ ਪਾਏ ਗਏ ਹੋਣ। ਸਿਰਫ਼ ਇਸ ਭਾਵ ਨਾਲ ਕਿ ਜੋ ਦਾਸ ਨੂੰ ਸਤਿਗੁਰੂ ਹਜ਼ੂਰ ਦੀ ਬਖਸ਼ਸ਼ ਜਗਤ ਮਾਤਾ-ਮਾਤਾ ਸਾਹਿਬ ਕੌਰਾਂ ਦੇ ਅਸਥਾਨ ਸ੍ਰੀ ਹਜ਼ੂਰ ਸਾਹਿਬ ਤੋਂ ਮਹਾਪੁਰਸ਼ਾ ਬਾਬਾ ਮਿੱਤ ਸਿੰਘ ਜੀ ਨਿਹੰਗ ਸਿੰਘ ਬੁੱਢਾ ਦਲ ਨੇ, ਬਖਸ਼ਸ਼ ਹਜ਼ੂਰ ਤੋਂ ਕ੍ਰਿਪਾ ਦੁਆਰਾ ਸੋਝੀ ਬਖਸ਼ੀ, ਪ੍ਰੇਮੀ ਜਨਾ ਨੂੰ ਸਮਾਰਪਣ ਕਰ ਲਈ ਲਿਖਿਆ ਹੈ, ਤਾਂ ਜੋ ਕਿਸੇ ਦੇ ਜੀਵਨ ਲਾਭ ਵਿਚ ਸਹਾਇਕ ਹੋ ਸਕਨ।

ਵਿਦਵਾਨ-ਗੁਣੀ ਜਨ-ਲੇਖਕ-ਪੜਚੋਲੀਏ, ਖਿਮਾਂ ਕਰਨਗੇ, ਜੋ ਗੁਰੂ ਜੀ ਅਤੇ ਪਰਮਾਤਮਾ ਜੀ ਨੇ ਦਾਸ 'ਤੇ ਬਖਸ਼ਿਸ਼ ਕੀਤੀ ਹੈ ਅਤੇ ਤੁਛ ਬੁੱਧੀ ਬਖਸ਼ੀ ਹੈ ਉਸ ਅਨੁਸਾਰ ਲਿਖਿਆ ਹੈ, ਸਵੀਕਾਰ ਕਰਨਾ। ਭੁੱਲਾਂ ਦੀ ਸੋਧ ਕਰ ਲੈਣੀ ਅਤੇ ਸੋਝੀ ਦੇਣ ਦੀ ਕ੍ਰਿਪਾਲਤਾ ਕਰਨੀ।

**ਦਾਸਨ ਦਾਸ ਲੇਖਕ**

# ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਹੁਣ ਤੱਕ ਦੇ ਜਥੇਦਾਰ ਸਾਹਿਬਾਨ ਦੇ ਨਾਮ

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ, ਅਕਾਲ ਪੁਰਖ ਦੇ ਸੱਦੇ ਅਨੁਸਾਰ ਅਕਾਲ ਜੋਤ ਵਿਚ ਲੀਨ ਹੋਣ ਤੋਂ ਕੁਝ ਦਿਨ ਪਹਿਲਾਂ (ਦਸੋ ਪਾਤਸ਼ਾਹੀਆਂ ਦੀ ਨਿਰੰਕਾਰੀ ਜੋਤ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਅੱਗੇ ਪੰਜ ਪੈਸੇ ਨਾਰੀਏਲ ਰੱਖ ਕੇ ਨਮਸ਼ਕਾਰ-ਪ੍ਰਕਰਮਾ ਕਰਕੇ, ਗੁਰੂ ਖਾਲਸਾ ਪੰਥ ਨੂੰ ਫੁਰਮਾਇਆ ਜੋ ਸਰਬ ਲੋਹ ਗ੍ਰੰਥ ਵਿਚ ਅੰਕਤ ਕੀਤਾ ਸੀ : ਵਿਸਥਾਰ ਪਿਛੇ ਪੜ੍ਹ ਆਏ ਹੋ :

ਦ੍ਵਾਦਸ ਰੂਪ ਪ੍ਰਗਟੇ ਹਰਿ ਗ੍ਰੰਥਾ ॥
ਗ੍ਰੰਥ-ਪੰਥ-ਵਰਤੇ ਵਰਤੰਥਾ ॥ (ਪਾ: ੧੦ ਸਰਬ ਲੋਹ ਗ੍ਰੰਥ)

ਦ੍ਵਾ+ਦਸ = ੨+੧੦ = ੧੨, ਭਾਵ ਦਸ ਪਾਤਸ਼ਾਹੀਆਂ ਅਤੇ ਗਿਆਰਵੇਂ ਗ੍ਰੰਥ (ਸ੍ਰੀ ਗੁਰੂ ਗ੍ਰੰਥ ਸਾਹਿਬ) ਬਾਰਵੇਂ - "ਪੰਥ ਖਾਲਸਾ"। ਸਤਿਗੁਰਾਂ ਫੁਰਮਾਇਆ ਸਾਡੇ ਬਾਅਦ (ਦੇਹਧਾਰੀ ਗੁਰੂ ਦੀ ਸਮਾਪਤੀ ਹੈ) ਅਗੋਂ ਸ਼ਬਦ ਗੁਰੂ-ਗੁਰੂ ਗ੍ਰੰਥ ਸਾਹਿਬ ਗੁਰੂ ਹੋਵਨਗੇ।

ਇਸ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਨੂੰ ਗੁਰਤਾ (ਸ਼ਬਦ-ਅਤਸ਼ਹ ਕਰਨ ਦੀ ਅਕਾਲ ਜੋਤ) ਸਥਾਪਤ ਕੀਤੀ ਉਥੇ ਸਰੀਰਕ ਬਾਣਾ-ਪਹਿਲਾਂ ਹੀ ਗੁਰੂ ਖਾਲਸੇ ਨੂੰ ਚਮਕੌਰ ਦੀ ਗੜ੍ਹੀ-ਤਿਆਗਣ ਸਮੇਂ- ਆਪਣਾ ਨਿੱਜ ਸਰੂਪ ਗੁਰੂ ਖਾਲਸੇ ਵਿਚੋਂ ਭਾਈ ਸੰਗਤ ਸਿੰਘ ਨੂੰ ਸੀਸ ਦੀ ਦਸਤਾਰ-ਕਲਗੀ ਜਿਗਾਹ ਭਾਵ ਸਾਰੇ ਸ਼ਸ਼ਤ੍ਰ-ਬਸਤ੍ਰ ਗੁਰੂ ਖਾਲਸੇ ਨੂੰ ਸੌਂਪ- ਪੰਜੀ ਪ੍ਰਵਾਨ ਦਾ ਆਦੇਸ਼ ਮੰਨ ਕੇ ਗੜ੍ਹੀ ਚਮਕੌਰ ਤਿਆਗੀ ਸੀ।

ਫੁਰਮਾਇਆ ਸੀ -

ਜਜਨ-ਭਜਨ ਮਮ ਖਾਲਸਾ,
ਖਾਲਸਾ ਪੂਜਨ ਯੋਗ ॥

ਸੋ ਖਾਲਸਾ ਜੀ ਨੂੰ ਸਭ ਕੁਝ ਸੌਂਪ ਦਿੱਤਾ

ਜਦ ਬੰਦੇ ਬਹਾਦਰ ਨੂੰ ਢੱਕਾ ਸੋਧਨ ਲਈ ਪੰਜਾਬ ਰਵਾਨਾ ਕੀਤਾ, ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬੇ-ਪੰਜਾ ਦੇ ਗੁਰਮਤੇ ਵਿਚ ਰਹਿ ਕੇ ਕਾਰ ਕਰਨ ਦਾ ਹੁਕਮ ਕੀਤਾ।

·ਪੰਥ ਦੇ ਪਹਿਲੇ ਜਥੇਦਾਰ (ਸ੍ਰੀ ਗੁਰੂ ਅੰਗਦ ਦੇਵ ਜੀ ਦੀ ਕੁਲ 'ਚੋਂ ਛੇਵੀਂ ਥਾਵੇਂ)* ਤ੍ਰੇਹਣ ਕੁੱਲ ਦੇ ਭੂਸ਼ਨ ਬਾਬਾ ਬਿਨੋਦ ਸਿੰਘ ਜੀ ਨੂੰ ਜੋ (ਦਲ ਖਾਲਸਾ-ਤੱਤ ਖਾਲਸਾ-ਬੁੱਢੇ ਦਲ ਦੇ ਨਾਮ ਨਾਲ ਪ੍ਰਚਲਤ ਹੈ) ਪਹਿਲੇ ਜਥੇਦਾਰ ਨਿਯੁਕਤ ਕੀਤੇ।

ਸ਼੍ਰੋਮਣੀ ਪੰਥ ਅਕਾਲੀ ਬੁੱਢਾਦਲ ਦੇ ਜਥੇਦਾਰ ਸਾਹਿਬਾਨ ਦੇ ਨਾਮ ਹੁਣ ਤੱਕ ਇਸ ਪ੍ਰਕਾਰ ਹਨ :

੧. ਪਹਿਲੇ ਸਿੰਘ ਸਾਹਿਬ ਜਥੇਦਾਰ - ਬਾਬਾ ਬਿਨੋਦ ਸਿੰਘ ਜੀ (ਤ੍ਰੇਹਣ ਕੁਲ)
੨. ਦੂਜੇ ਸਿੰਘ ਸਾਹਿਬ ਜਥੇਦਾਰ - ਦੀਵਾਨ ਦਰਬਾਰਾ ਸਿੰਘ ਜੀ
੩. ਤੀਜੇ ਸਿੰਘ ਸਾਹਿਬ ਜਥੇਦਾਰ - ਨਵਾਬ ਕਪੂਰ ਸਿੰਘ ਜੀ (ਕਪੂਰਥਲਾ ਰਿਆਸਤ ਦੇ ਬਾਨੀ)
੪. ਚੌਥੇ ਸਿੰਘ ਸਾਹਿਬ ਜਥੇਦਾਰ - ਸਰਦਾਰ ਜੱਸਾ ਸਿੰਘ ਜੀ
੫. ਪੰਜਵੇਂ ਸਿੰਘ ਸਾਹਿਬ ਜਥੇਦਾਰ - ਬਾਬਾ ਨੈਣਾ ਸਿੰਘ ਜੀ
੬. ਛੇਵੇਂ ਸਿੰਘ ਸਾਹਿਬ ਜਥੇਦਾਰ - ਅਕਾਲੀ ਫੂਲਾ ਸਿੰਘ ਜੀ *(ਬੁਰਜ ਬਾਬਾ ਫੂਲਾ ਸਿੰਘ ਅੰਮ੍ਰਿਤਸਰ)
੭. ਸਤਵੇਂ ਸਿੰਘ ਸਾਹਿਬ ਜਥੇਦਾਰ - ਬਾਬਾ ਹਨੂਮਾਨ ਸਿੰਘ ਜੀ
੮. ਅਠਵੇਂ ਸਿੰਘ ਸਾਹਿਬ ਜਥੇਦਾਰ - ਬਾਬਾ ਪ੍ਰਹਿਲਾਦ ਸਿੰਘ ਜੀ
੯. ਨੌਂਵੇਂ ਸਿੰਘ ਸਾਹਿਬ ਜਥੇਦਾਰ - ਬਾਬਾ ਗਿਆਨਾ ਸਿੰਘ ਜੀ
੧੦. ਦਸਵੇਂ ਸਿੰਘ ਸਾਹਿਬ ਜਥੇਦਾਰ - ਬਾਬਾ ਤੇਜਾ ਸਿੰਘ ਜੀ
੧੧. ਗਿਆਰਵੇਂ ਸਿੰਘ ਸਾਹਿਬ ਜਥੇਦਾਰ - ਬਾਬਾ ਸਾਹਿਬ ਸਿੰਘ ਜੀ (ਕਲਾਧਾਰੀ)
੧੨. ਬਾਰਵੇਂ ਸਿੰਘ ਸਾਹਿਬ ਜਥੇਦਾਰ - ਬਾਬਾ ਚੇਤ ਸਿੰਘ ਜੀ
੧੩. ਤੇਰਵੇਂ ਸਿੰਘ ਸਾਹਿਬ ਜਥੇਦਾਰ - ਬਾਬਾ ਸੰਤਾ ਸਿੰਘ ਜੀ 'ਅਕਾਲੀ' (ਮੌਜੂਦਾ ਜਥੇਦਾਰ ਬੁੱਢਾ ਦਲ)

---

* ਤ੍ਰੇਹਣ ਕੁਲ : ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ, ਆਪਣੀ ਜੋਤ, ਤ੍ਰੇਹਣ ਕੁੱਲ ਦੇ ਸ੍ਰੀ ਗੁਰੂ ਅੰਗਦ ਦੇਵ ਜੀ ਪਾਤਸ਼ਾਹੀ ਦੂਜੀ ਵਿਚ ਸਥਾਪਤ ਕੀਤੀ, ਇਸੇ ਤਰ੍ਹਾਂ ਗੁਰੂ ਪੰਥ ਖਾਲਸੇ ਦੀ ਪਹਿਲੀ ਜਥੇਦਾਰੀ ਭੀ ਜਥੇਦਾਰ ਬਾਬਾ ਬਿਨੋਦ ਸਿੰਘ ਜੀ ਸ੍ਰੀ ਗੁਰੂ ਅੰਗਦ ਦੇਵ ਜੀ ਮਹਾਰਾਜ (ਅਗਲੇ ਪੰਨੇ 'ਤੇ) ਤੋਂ ਛੇਵੀਂ ਪੀੜ੍ਹੀ 'ਤ੍ਰੇਹਣ' ਕੁੱਲ ਨੂੰ ਹੀ ਸੌਂਪੀ। ਇਹ ਇਕ ਬੜੀ ਵਿਸਮਾਦ ਖੇਡ ਹੈ, ਆਦ ਦੇ ਅੰਤ 'ਤ੍ਰੇਹਣ' ਕੁੱਲ ਨੇ ਕੀਤੀ।

ਬਾਬਾ ਬਿਨੋਦ ਸਿੰਘ ਜੀ ਦੀ ਜੀਵਨੀ, ਇਸੇ ਕਲਮ ਤੋਂ ਲਿਖੀ, ਤ੍ਰੇਹਣ ਕੁੱਲ 'ਚੋਂ ੧੪ ਥਾਵੇਂ ਭਾਵਾ ਭੋਜ ਪਾਨ ਸਿੰਘ ਜੀ, ਸ੍ਰੀ ਗੁਰੂ ਅੰਗਦ ਦਰਬਾਰ-ਸਰਹੰਦੀ ਗੇਟ-ਪਟਿਆਲਾ ਵੱਲੋਂ ਦਾਸ ਤੇ ਮੇਹਰ ਕਰਕੇ ਲਿਖਾਈ-ਛਪਵਾ ਰਹੇ ਹਨ।

* ਅਕਾਲੀਆਂ ਦੀ ਛਾਉਣੀ : ਇਸ ਦਾ ਨਾਉ-ਨਿਹੰਗਾਂ ਦੀ ਛਾਉਣੀ ਭੀ ਹੈ।

ਅੰਮ੍ਰਿਤਸਰ ਵਿਚ ਉਹ ਥਾਂ, ਜਿੱਥੇ ਅਕਾਲੀ ਫੂਲਾ ਸਿੰਘ ਜੀ (੧੨੦੦) ਬਾਰਾਂ ਸੌ ਸਵਾਰ ਅਤੇ (੧੮੦੦) ਅਠਾਰਾਂ ਸੌ ਪੈਦਲ ਅਕਾਲੀ ਦਲ ਬਿਰਾਜਦਾ ਸੀ। (ਮਹਾਨ ਕੋਸ਼ ਪੰਨਾ ੩੯੭)

ਇਹ ਬਾਬਾ ਫੂਲਾ ਸਿੰਘ ਜੀ ਦੇ ਨਾਮ (ਬੁਰਜ ਬਾਬਾ ਫੂਲਾ ਸਿੰਘ) ਨਾਲ ਨਿਵਾਜਿਆ ਜਾਂਦਾ ਹੈ - ਹੁਣ ਭੀ ਬੁੱਢੇ ਦਲ ਦੀ ਛਾਉਣੀ ਹੈ।

# ਅੰਤਮ ਪ੍ਰਾਰਥਨਾ

ਸਤਿਗੁਰਾਂ ਜਿਵੇਂ ਇਸ ਕੀਟ ਤੇ ਅਪਾਰ ਬਖਸ਼ਸ਼ ਦੁਆਰਾ, ਜੋ ਜਣਾਇਆ, ਉਸ ਮੁਤਾਬਕ "ਕ੍ਰਿਪਾਨ ਇਸ਼ਟ" ਅਤ ਕੜਾਹ ਪ੍ਰਸਾਦਿ ਕ੍ਰਿਪਾਨ ਭੇਟ ਪ੍ਰਕਰਮਾਂ ਸੱਜੇ ਕਿ ਖੱਬੇ ਬਾਰੇ ਲਿਖਵਾਇਆ ਹੈ, ਅੰਕਤ ਕੀਤਾ ਹੈ, ਦਾਸ ਵਿਚ ਇਤਨੀ ਬੁੱਧ ਬਲ ਨਹੀਂ ? ਜਿਵੇਂ ਦਸ਼ਮੇਸ਼ ਜੀ ਫੁਰਮਾਨ ਹੈ :

੧. ਦੋਹਰਾ ॥ ਮੂਕ ਉਚਰੈ ਸ਼ਾਸ਼ਤ੍ਰ ਖਟ,
ਪਿੰਗ-ਗਿਰਨ ਚੜਿ ਜਾਇ ॥
ਅੰਧ ਲਖੈ-ਬਦਰੋ ਸੁਨੈ,
ਜੋ ! ਕਾਲ ਕ੍ਰਿਪਾ ਕਰਾਇ ॥੨ ॥

੨. ਚੌਪਈ ॥ ਕਹਾ ਬੁਧਿ-ਪ੍ਰਭ ! ਤੁਛ ਹਮਾਰੀ ॥
ਬਰਨ ਸਕੈ-ਮਹਿਮਾ ਜੁ ਤਿਹਾਰੀ ॥
ਹਮ ਨ ਸਕਤ ਕਰ-ਸਿਫਤ ਤੁਮਾਰੀ ॥
ਆਪ ਲੇਹੁ-ਤੁਮ ਕਥਾ ਸੁਧਾਰੀ ॥੩ ॥

(ਪਾ: ੧੦ ਬਚਿਤ੍ਰ ਨਾਟਕ ਧਿਆਇ ਦੂਜਾ)

ਸੋ ਗੁਣੀ ਜਨਾ ਪ੍ਰਤੀ ਬਿਨੈ ਹੈ ਕਿ ਜੇ ਕਿਧਰੇ ਚੂਕ ਹੋ ਗਈ ਹੋਵੈ, ਤਾਂ ਸੁਧਾਈ ਕਰ ਲੈਣੀ ਅਤੇ ਦਾਸ ਨੂੰ ਸੋਝੀ ਦੇਣ ਦੀ ਕ੍ਰਿਪਾਲਤਾ ਕਰਨੀ। ਧੰਨਵਾਦੀ ਹੋਵਾਂਗਾ।

ਪ੍ਰਾਰਥਕ
ਗਿ. ਕ੍ਰਿਪਾਲ ਸਿੰਘ "ਵੜੈਚ"
ਲਿਖਾਰੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ
ਪੰਜਵਾਂ ਤਖ਼ਤ ਨਿਹੰਗ ਸਿੰਘ
ਹਾਲ : ਮੁੱਖ ਸੇਵਾਦਾਰ- ਗੁਰਦੁਆਰਾ ਥੜਾ ਸਾਹਿਬ
ਪਾਤਸ਼ਾਹੀ ਨੌਵੀਂ (੯) ਸਮਾਣਾ (ਪਟਿਆਲਾ)
ਰਿਹਾਇਸ਼ : ਪਿੰਡ ਕੌਲ ਵਾਇਆ ਨਾਭਾ ਜ਼ਿਲ੍ਹਾ ਪਟਿਆਲਾ



ਗੁਰਪੁਰਵਾਸੀ ਗਿਆਨੀ ਕ੍ਰਿਪਾਲ ਸਿੰਘ ਵੜਾਇਚ

ਕਰਨੀ ਚਾਹੀਦੀ ਹੈ ਤੇ ਅਕਾਲ ਤਖ਼ਤ ਸਾਹਿਬ ਤੋਂ ਦੱਸੀ ਹੋਈ ਮਰਿਆਦਾ ਨੂੰ ਅਪਣਾਉਣਾ ਸਾਡਾ ਪਹਿਲਾ ਕਰਮ ਤੇ ਧਰਮ ਹੈ। ਸਾਰੇ ਸਿੱਖ ਜਗਤ ਨੂੰ ਇਕ ਪਲੇਟਫਾਰਮ 'ਤੇ ਖਲੋ ਕੇ ਇਕ ਆਵਾਜ ਵਿਚ ਇਸ ਮਰਿਆਦਾ ਦਾ ਪਾਲਣ ਕਰਨਾ ਚਾਹੀਦਾ ਹੈ। ਨਾ ਕਿ ਕਿਸੇ ਵਾਦ-ਵਿਵਾਦ ਕਿੰਤੂ-ਮਿੰਤੂ ਵਿਚ ਪੈਣਾ ਚਾਹੀਦਾ ਹੈ। ਬਾਣੀ ਗੁਰੂ ਹੈ ਕਿਉਂਕਿ ਸਾਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਬਾਣੀ ਦੇ ਲੜ ਲਗਾਇਆ ਤੇ ਸ਼ਬਦ ਤੇ ਸੁਰਤ ਨਾਲ ਜੋੜ ਕੇ ਸਾਨੂੰ ਜੀਵਨ ਜਾਂਚ ਦੱਸੀ ਹੈ ਕਿ ਕਿਵੇਂ ਅਸੀਂ ਅਖੌਤੀ ਗੁਰੂਆਂ ਤੋਂ ਬਚ ਕੇ ਸ਼ਬਦ ਗੁਰੂ ਨਾਲ ਜੁੜਨਾ ਹੈ ਤੇ ਆਪਣੀ ਜੀਵਨ ਯਾਤਰਾ ਉਸ ਦੇ ਮੁਤਾਬਕ ਸਫਲ ਕਰਨੀ ਹੈ।

ਅਖੀਰ ਵਿਚ ਮੈਂ ਅਕਾਲ ਪੁਰਖ ਦੇ ਚਰਨਾਂ ਵਿਚ ਬੇਨਤੀ ਕਰਦਾ ਹਾਂ ਕਿ ਇਹੋ ਜਿਹੇ ਮਹਾਂਪੁਰਸ਼ ਜੋ ਇਹੋ ਜਿਹੀਆਂ ਲਿਖਤਾਂ ਲਿਖ ਕੇ ਕੌਮ ਨੂੰ ਜਾਗ੍ਰਿਤ ਰੂਪ ਕਰਦੇ ਰਹਿੰਦੇ ਹਨ ਤੇ ਸਾਡੇ ਵਿਰਸੇ ਵਿਚ ਪੁਰਾਤਨ ਤੇ ਗੁਰੂਆਂ ਦੀ ਬਖਸ਼ੀ ਹੋਈ ਮਰਿਆਦਾ/ਦਾਤ ਨੂੰ ਸੰਭਾਲ ਕੇ ਰੱਖਣਾ ਚਾਹੀਦਾ ਹੈ ਤਾਂ ਕਿ ਆਉਣ ਵਾਲੀਆਂ ਪੀੜ੍ਹੀਆਂ ਸਾਡੇ ਵੱਡੇ ਵੱਡੇਰਿਆਂ ਦੀਆਂ ਦਾਤਾਂ ਤੋਂ ਪੂਰਾ ਪੂਰਾ ਲਾਭ ਲੈ ਸਕਣ ਤੇ ਆਪਣੇ ਜੀਵਨ ਨੂੰ ਉਸ ਦੇ ਮੁਤਾਬਕ ਢਾਲ ਸਕਣ।

ਇਕ ਨਿਮਾਣਾ ਜਿਹਾ ਰਾਮ ਦਾ ਕੂਕਰ
ਸਤਨਾਮ ਸਿੰਘ
ਮੈਨੇਜਰ ਆਤਮ ਰੰਗ
ਚੰਡੀਗੜ੍ਹ



# ਕ੍ਰਿਪਾਨ ਇਸ਼ਟ

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਜੋ ਪ੍ਰਭੂ ਸੰਸਾਰ ਤੇ ਚਹੁ ਜੁਗਾਂ ਦਾ ਨਬੇੜਾ ਕਰਨ ਕਲਾ ਧਾਰ ਕੇ ਆਏ ਸਨ ਗੁਰਬਾਣੀ ਦਾ ਫੁਰਮਾਣ :

ਆਪਿ ਨਰਾਇਣ ਕਲਾ ਧਾਰਿ ਜਗ ਮਹਿ ਪਰਵਰਿਯਉ ॥
ਨਿਰੰਕਾਰ-ਅਕਾਰੁ-ਜੋਤਿ ਜਗ ਮੰਡਲਿ ਕਰਿਯਉ ॥

ਸਵਈਏ ਮ:੩ - ਪੰਨਾ ੧੩੯੫

ਜੋ ਨਿਰੰਕਾਰ ਆਕਾਰ ਕਰ ਭਾਵ ਸ੍ਰਿਸਟੀ ਸਾਜੀ ਦਾ ਚਹੁ ਜਗ੍ਹਾ ਦਾ ਨਬੇੜਾ ਕਰਨ ਅਤੇ ਚਹੁ ਜੁਗਾਂ ਦੇ ਧਰਮ ਲਛਣ (ਮਰਯਾਦਾ) ਦਰਸਾਣ ਅਤੇ ਕਲਜੁਗ ਵਿਚ ਕਿਸ ਕਰਮਾਂ ਨਾਲ ਨਿਸਤਾਰਾ ਹੋ ਸਕਦਾ ਹੈ ਦਰਸਾਣ ਅਤੇ ਸਾਂਝੀਵਾਲਤਾ ਦੇ ਮਿਸ਼ਨ ਦਰਸਾਣ, ਜਿਵੇਂ ਬਾਣੀ ਦਾ ਫੁਰਮਾਣ ਹੈ :

ਜੁਗਿ ਜੁਗਿ ਆਪੋ ਆਪਣਾ ਧਰਮ ਹੈ,
ਸੋਧਿ ਦੇਖਹੁ ਬੇਦ ਪੁਰਾਨਾ ॥ ਬਿਲਾਵਲ ਮ: ੩ ਪੰਨਾ ੭੯੭

ਇਸ ਲਈ ਜੋ ਕਲਿਜੁਗ ਦਾ ਵਿਧਾਨ (ਨਿਯਮ) ਹੈ ਉਸ ਨੂੰ ਜੀਵਾਂ ਪ੍ਰਤੀ ਦਰਸਾਉਣਾ ਕੀਤਾ, ਫੁਰਮਾਣ ਗੁਰਬਾਣੀ।

੧. ਚਹੁ ਜੁਗਾ ਕਾ ਹੁਣਿ ਨਿਬੇੜਾ,
ਨਰ-ਮਨੁਖਾ ਨੋ ਏਕੁ ਨਿਧਾਨਾ ॥
੨. ਜਤੁ-ਸੰਜਮ-ਤੀਰਥ, ਓਨਾ ਜੁਗਾ ਕਾ ਧਰਮੁ ਹੈ,
ਕਲਿ ਮਹਿ - ਕੀਰਤਿ ਹਰਿ ਨਾਮਾ ॥2 ॥ ਬਿਲਾਵਲ ਮ: ੩ - ਪੰਨਾ ੭੯੭

ਸੋ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਦਰਸਾਏ ਮਾਰਗ ਦੀ ਪੂਰਤੀ ਕਰਦਿਆਂ ਹੀ - ਪੰਜਾਂ ਦੀ ਪੰਚਾਇਤ 'ਖਾਲਸਾ' ਪੰਜ ਪਿਆਰੇ ਸਾਜ, ਖਾਲਸੇ ਨੂੰ "ਰਾਜ ਤੇ ਜੋਗ" ਇਕੱਠ ਪਰਦਾਨ ਕੀਤਾ

੧. ਜੋਗ ਲਈ - ਸ੍ਰੀ ਗੁਰੂ ਗ੍ਰੰਥ ਸਾਹਿਬ (ਭਾਵ ਤਪ-ਭਗਤੀ ਲਈ) ਗੁਰਬਾਣੀ ਇਸ਼ਟ, ਜੋ ਇਸ਼ਟ ਮਾਨ ਹੈ ਬਖਸ਼ਸ਼ ਕੀਤੀ।
੨. ਰਾਜ : ਸ਼ਸ਼ਤਰ ਬਿਨਾ ਰਾਜ ਨਹੀਂ ਕੀਤਾ ਜਾਂਦਾ ਜਿਸ ਕਰਕੇ ਕ੍ਰਿਪਾਨ ਭੀ ਖਾਲਸੇ ਦਾ ਤੀਸਰਾ ਇਸ਼ਟ ਦਰਸਾਇਆ।